**Dr. Randhawa Dentistry**

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr

**APEX**
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi

ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

**KITCHEN CABINET**
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops

KITCHEN CABINET
WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931

RPC
Royal Pizza & Curry Hut

11am - 11pm | 7 Days a Week
184 Main Street South,
Unit D., Brampton

$8.97 +Tax
X-Large (16") Fully Loaded Pizza *With 5 Toppings (Any)

WE SPECIALIZE IN VEGAN FOOD

UNDER $10 CURRIES WITH FREE NAAN
LOTS TO CHOOSE FROM

905-450-2777
647-906-3295

Kotakpura Aata Chicken
Get $5 Off with Special Coupon from PunjabiPost
WAS $25
NOW $20

Data everywhere.
No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
2456 Lake shore Blvd W., Etobicoke, ON
905-451-0379

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਲੱਗਦਾ ਪਾਕਿ ਦੀ ਨੀਤ ਦਾ ਪਤਾ ਹੈ ਨਹੀਂ,
ਨਵਿਉਂ ਨਵੇਂ ਰਿਹਾ ਕਦਮ ਹੈ ਚੱਕ ਬੇਲੀ।
ਪਾਉਂਦਾ ਫਿਰਦਾ ਸੰਸਾਰ ਵਿੱਚ ਕਦੀ ਰੌਲਾ,
ਸੁਣ ਕੇ ਦੁਨੀਆ ਵੀ ਜਾਂਦੀ ਹੈ ਅੱਕ ਬੇਲੀ।
ਕਦੀ ਉਹ ਫੌਜਾਂ ਸਰਹੱਦਾਂ ਨੂੰ ਤੋਰ ਦੇਂਦਾ,
ਹਰ ਕੋਈ ਰਿਹਾ ਸੀ ਓਸ ਨੂੰ ਤੱਕ ਬੇਲੀ।
ਲਾਂਘਾ ਖੋਲ੍ਹਣ ਦਾ ਕਦੀ ਆ ਰਾਗ ਗਾਉਂਦਾ,
ਉਸ ਦੀ ਨੀਤ'ਤੇ ਹੁੰਦਾ ਪਿਆ ਸ਼ੱਕ ਬੇਲੀ।
ਉੱਤਰ ਵੱਲ ਜਦ ਵਿੰਹਦਾ ਈ ਲੋਕ ਸੋਚਣ,
ਲਸ਼ਕਰ ਦੱਖਣ ਦੇ ਵੰਨੀਂ ਉਹ ਰੇੜ੍ਹਦਾ ਈ।
ਉਲਝਣ ਜਿਵੇਂ ਬਿਆਨਾਂ ਦੀ ਪਾਈ ਜਾਂਦਾ,
ਚੱਕਰ ਨਵਾਂ ਉਹ ਜਾਪ ਰਿਹਾ ਗੇੜਦਾ ਈ।

**ਤੀਸ ਮਾਰ ਖਾਂ**

# ਮੋਦੀ ਦੀਆਂ ਟਰੰਪ ਨੂੰ ਖਰੀਆਂ: ਕਸ਼ਮੀਰ ਮੁੱਦੇ ਉੱਤੇ ਕਿਸੇ ਤੀਸਰੇ ਦੇ ਦਖਲ ਦੀ ਲੋੜ ਨਹੀਂ

### ਟਰੰਪ ਨੇ ਮਜ਼ਾਕ ਕੀਤਾ: 'ਮੋਦੀ ਬਹੁਤ ਚੰਗੀ ਅੰਗਰੇਜ਼ੀ ਬੋਲਦੇ ਹਨ'

ਪੈਰਿਸ, 26 ਅਗਸਤ, (ਪੋਸਟ ਬਿਊਰੋ)- ਅੱਜ ਸੋਮਵਾਰ ਫਰਾਂਸ ਦੇ ਸ਼ਹਿਰ ਬਿਆਰਿਟਜ਼ ਵਿੱਚ ਜੀ-7 ਸੰਮੇਲਨ ਤੋਂ ਵੱਖ ਹੋ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਬੈਠਕ ਕੀਤੀ ਤਾਂ ਦੋਵਾਂ ਵਿਚਾਲੇ ਵਪਾਰ ਸਣੇ ਕਈ ਅਹਿਮ ਮਸਲਿਆਂ ਉੱਤੇ ਚਰਚਾ ਹੋਈ। ਇਸ ਮੌਕੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੋਨਾਲਡ ਟਰੰਪ ਨੂੰ ਇਹ ਸਾਫ ਕਰ ਦਿੱਤਾ ਕਿ ਕਸ਼ਮੀਰ ਭਾਰਤ ਦਾ ਅੰਦਰੂਨੀ ਮਾਮਲਾ ਹੈ।

ਇਸ ਬੈਠਕ ਵਿੱਚਅੱਜ ਨਰਿੰਦਰ ਮੋਦੀ ਨੇ ਡੋਨਾਲਡ ਟਰੰਪ ਨੂੰ ਸਾਫ ਕਿਹਾ ਕਿ ਇਹ ਇਕ ਦੁਵੱਲਾ ਮੁੱਦਾ ਹੈ, ਜਿਸ ਵਿੱਚਕਿਸੇ ਤੀਸਰੇ ਪੱਖ ਵਲੋਂ ਵਿਚੋਲਗੀ ਨਹੀਂ ਹੋ ਸਕਦੀ। ਮੋਦੀ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਨੂੰ ਦੋਵਾਂਦੇਸ਼ਾਂ ਦੇ ਲੋਕਾਂ ਦੀ ਭਲਾਈ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾ ਟਰੰਪ ਨੂੰ ਕਿਹਾ ਕਿ ਪਾਕਿਸਤਾਨਦੀ ਨਵੀਂ ਸਰਕਾਰ ਆਈ ਤੋਂ ਮੈਂ ਉਥੋਂ ਦੇ ਪ੍ਰਧਾਨ ਮੰਤਰੀ ਨੂੰ ਫੋਨ ਕਰਕੇ ਵਧਾਈ ਦਿੱਤੀਤੇ ਕਿਹਾ ਸੀ ਕਿ ਦੋਵਾਂ ਦੇਸ਼ਾਂ ਦੀਆਂ ਸਮੱਸਿਆਵਾਂ ਇੱਕੋ ਜਿਹੀਆਂ ਹਨ, ਦੋਵਾਂ ਦੇਸ਼ਾਂ ਵਿਚਾਲੇ ਸਾਰੇ ਮੁੱਦੇ ਦੁਵੱਲੇ ਹਨ, ਸਾਨੂੰ ਮਿਲ ਕੇ ਇਨ੍ਹਾਂ ਦਾ ਹੱਲ ਕਰਨਾ ਚਾਹੀਦਾ ਹੈ ਅਤੇ ਇਸ ਵਿੱਚ ਕਿਸੇ ਤੀਸਰੇ ਦੇ ਦਖਲ ਦੀ ਲੋੜ ਨਹੀਂ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਮੌਕੇ ਕਿਹਾ ਕਿ ਅਸੀਂ ਕਸ਼ਮੀਰ ਮੁੱਦੇ ਉੱਤੇਗੱਲ ਕੀਤੀ ਹੈ ਤੇ ਪ੍ਰਧਾਨ ਮੰਤਰੀ ਨੇ ਦੱਸਿਆ ਹੈ ਕਿ ਸਭ ਕੰਟਰੋਲ ਵਿੱਚ ਹੈ। ਉਨ੍ਹਾਂ ਨੇ ਪਾਕਿਸਤਾਨ ਨਾਲ ਵੀਗੱਲ ਕੀਤੀ ਹੈ ਕਿ ਇਹ ਪੂਰੀ ਤਰ੍ਹਾਂ ਯੋਗ ਹੈ ਤੇ ਸਭ ਸਹੀ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਮਿਲ ਕੇ ਕਸ਼ਮੀਰ ਮੁੱਦਾ ਸੁਲਝਾ ਲੈਣਗੇ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਭਾਰਤ ਕਈ ਵਾਰ ਜੰਮੂ-ਕਸ਼ਮੀਰਬਾਰੇ ਆਪਣੇ ਕਿਸੇ ਵੀ ਫੈਸਲੇ




ਨੂੰ ਦੇਸ਼ ਦਾ ਅੰਦਰੂਨੀ ਮਾਮਲਾ ਦੱਸ ਚੁੱਕਾ ਹੈ, ਪਰ ਅਮਰੀਕਾ ਇਸ ਨੂੰ ਇਕ ਖੇਤਰੀ ਮੁੱਦਾ ਮੰਨਦਾ ਰਿਹਾ ਹੈ। ਅਮਰੀਕਾ ਦੇ ਇੱਕ ਅਧਿਕਾਰੀ ਮੁਤਾਬਕ ਰਾਸ਼ਟਰਪਤੀ ਟਰੰਪ ਅਤੇ ਪ੍ਰਧਾਨ ਮੰਤਰੀ ਮੋਦੀ ਤਣਾਅ ਨੂੰ ਘੱਟ ਕਰਨ ਤੇ ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਲਈ ਸਨਮਾਨ ਵਧਾਉਣ ਦੀ ਯੋਜਨਾ ਬਣਾ ਰਹੇ ਹਨ। ਮੰਨਿਆ ਜਾਂਦਾ ਹੈ ਕਿ ਜੀ-7 ਸੰਮੇਲਨ ਵਿੱਚ ਅਮਰੀਕਾ ਅਤੇ ਚੀਨ ਵਿਚਾਲੇ ਚੱਲਦੀ ਵਪਾਰ ਜੰਗ, ਬ੍ਰਿਟੇਨ ਦੇ ਯੂਰਪੀ ਯੂਨੀਅਨ ਤੋਂ ਵੱਖ ਹੋਣ, ਇਰਾਨ ਦੇ ਐਟਮੀ ਪ੍ਰੋਗਰਾਮ ਅਤੇ ਅਮਰੀਕਾ ਤੇ ਈਰਾਨ ਦੇ ਤਣਾਅ ਤੇ ਬ੍ਰਾਜ਼ੀਲ ਵਿੱਚ ਅਮੇਜ਼ਨ ਜੰਗਲ ਦੀ ਅੱਗ ਉੱਤੇ ਵੀਗੱਲਬਾਤ ਚੱਲੀ ਹੈ।

ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮਜ਼ਾਕ ਨਾਲ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਹੁਤ ਚੰਗੀ ਅੰਗਰੇਜ਼ੀ ਬੋਲਦੇ ਹਨ, ਪਰ ਉਹ ਇਸ ਭਾਸ਼ਾ ਵਿੱਚਗੱਲ ਨਹੀਂ ਕਰਨਾ ਚਾਹੁੰਦੇ। ਟਰੰਪ ਨੇ ਇਹ ਗੱਲ ਫਰਾਂਸ ਵਿੱਚ ਜੀ-7 ਸਿਖਰ ਸੰਮੇਲਨਦੌਰਾਨ ਦੋਵਾਂ ਨੇਤਾਵਾਂ ਵਿਚਾਲੇ ਰਸਮੀ ਗੱਲਬਾਤ ਤੋਂ ਪਹਿਲਾਂ ਕਹੀ।ਦੋਵਾਂ ਵਿਚਾਲੇ ਫਰਾਂਸ ਦੇ ਸ਼ਹਿਰ ਬਿਆਰਿਤਜ਼ ਵਿੱਚ 40 ਮਿੰਟ ਬੈਠਕ ਦੇ ਬਾਅਦ ਦੋਵੇਂਮੀਡੀਆ ਦੇ ਸਾਹਮਣੇ ਹੋਏ ਤਾਂ ਮੋਦੀ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਹਿੰਦੀ ਵਿੱਚ ਜਵਾਬ ਦਿੱਤਾ। ਇਸ ਮੌਕੇ ਜਦੋਂ ਮੋਦੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਹ ਦੋਵਾਂ ਨੂੰ ਇਕੱਲੇਗੱਲ ਕਰਨ ਦੇਣ ਤਾਂ ਟਰੰਪ ਨੇ ਮਜ਼ਾਕ ਵਿੱਚ ਕਿਹਾ ਕਿ ਉਹ ਅਸਲ ਵਿੱਚ ਬਹੁਤ ਚੰਗੀ ਅੰਗਰੇਜ਼ੀ ਬੋਲਦੇ ਹਨ, ਪਰ ਅੰਗਰੇਜ਼ੀ ਵਿੱਚਗੱਲ ਨਹੀਂ ਕਰਨਾ ਚਾਹੁੰਦੇ। ਦੋਵਾਂ ਨੇ ਇਕ ਦੂਜੇ ਨਾਲ ਹੱਥ ਫੜਿਆ ਤੇ ਸਾਰੇ ਹੱਸ ਪਏ।

## ਰਿਬੇਰੋ ਨੇ ਧਾਰਾ 370 ਬਾਰੇ ਫੈਸਲੇ ਦੇ ਨੈਤਿਕ ਪੱਖ ਉੱਤੇ ਸਵਾਲ ਉਠਾਏ

ਮੁੰਬਈ, 26 ਅਗਸਤ (ਪੋਸਟ ਬਿਊਰੋ)- ਪੰਜਾਬ ਪੁਲਸ ਮੁਖੀ ਦੇ ਰਹਿ ਚੁੱਕੇ ਪਦਮ ਭੂਸ਼ਨ ਨਾਲ ਸਨਮਾਨਿਤ ਸਾਬਕਾ ਪੁਲਸ ਅਧਿਕਾਰੀ ਜੂਲੀਓ ਰਿਬੇਰੋ ਨੇ ਜੰਮੂ ਕਸ਼ਮੀਰ ਦੇ ਸਬੰਧ 'ਚ ਕੇਂਦਰ ਸਰਕਾਰ ਦੇ ਤਾਜ਼ਾ ਫੈਸਲੇ ਨੂੰ ਪੁਲਸ ਅਫਸਰ ਦੇ ਨਜ਼ਰੀਏ ਤੋਂ ਪੂਰੇ ਨੰਬਰ ਦਿੱਤੇ ਹਨ, ਪਰ ਨੈਤਿਕਤਾ ਦੇ ਪੱਖ ਤੋਂ ਇਸ 'ਤੇ ਸਵਾਲ ਉਠਾਏ ਹਨ। ਰਿਬੇਰੋ ਨੇ ਕਿਹਾ ਹੈ ਕਿ ਅਜਿਹੇ ਕੇਸਾਂ ਵਿੱਚ ਲੋਕਾਂ ਦੀ ਇੱਛਾ ਸਭ ਤੋਂ ਮਹੱਤਵ ਪੂਰਨ ਹੁੰਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਨੈਤਿਕਤਾ ਦੇ ਲਿਹਾਜ਼ ਨਾਲ ਉਹ ਅਜਿਹਾ ਫੈਸਲਾ ਕਦੇ ਨਹੀਂ ਲੈਂਦੇ ਜਿਹੋ ਜਿਹਾ ਕੇਂਦਰ ਸਰਕਾਰ ਨੇ ਲਿਆ ਹੈ। ਉਨ੍ਹਾ ਕਿਹਾ ਕਿ ਇਕ ਪੁਲਸ ਕਰਮੀ ਵਜੋਂ ਜੇ ਇਹ ਯਕੀਨੀ ਬਣਾਉਣਾ ਹੋਵੇ ਕਿ ਕੋਈ ਸਮੱਸਿਆ ਨਾ ਆਏ ਤਾਂ ਇਹ ਸਭ ਕੁਝ ਬਹੁਤ ਚੁਸਤ ਚਲਾਕੀ ਨਾਲ ਕੀਤਾ ਗਿਆ ਹੈ, ਪਰ ਨੈਤਿਕ ਆਧਾਰ 'ਤੇ ਇਹ ਉਨ੍ਹਾਂ ਨੂੰ ਠੀਕ ਨਹੀਂ ਲੱਗਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਸ ਵਿੱਚ ਜ਼ਰੂਰ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ। ਰਿਬੇਰੋ ਨੇ ਕਿਹਾ ਕਿ ਲੋਕਾਂ ਨੂੰ ਭਰੋਸੇ ਵਿੱਚ ਲੈਣਾ ਸਭ ਤੋਂ ਮਹੱਤਵ ਪੂਰਨ ਪੱਖ ਹੈ ਤੇ ਸਰਕਾਰ ਨੂੰ ਅਜਿਹਾ ਹੀ ਕਰਨਾ ਹੋਵੇਗਾ, ਨਹੀਂ ਤਾਂ ਮੁਸ਼ਕਲ ਹੋਵੇਗੀ। ਲੋਕਾਂ ਨੂੰ ਆਪਣੇ ਪੱਖ ਵਿੱਚ ਕਰਨਾ ਹੀ ਮਸਲੇ ਦੇ ਹੱਲ ਦਾ ਆਧਾਰ ਹੈ। ਉਨ੍ਹਾ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਉਨ੍ਹਾਂ ਨੂੰ ਜੰਮੂ ਕਸ਼ਮੀਰ ਦਾ ਗਵਰਨਰ ਬਣਨ ਦੀ ਪੇਸ਼ਕਸ਼ ਕੀਤੀ ਸੀ। ਜਦੋਂ ਉਨ੍ਹਾਂ ਇਸ ਨੂੰ ਸਵੀਕਾਰ ਨਹੀਂ ਕੀਤਾ ਤਾਂ ਵਾਜਪਾਈ ਨੇ ਫਾਰੂਕ ਅਬਦੁੱਲਾ ਨੂੰ ਉਨ੍ਹਾਂ ਨੂੰ ਰਾਜ਼ੀ ਕਰਨ ਲਈ ਕਿਹਾ ਸੀ।

# ਇਰਾਨ ਦੇ ਵਿਦੇਸ਼ ਮੰਤਰੀ ਨਾਲ ਮੁਲਾਕਾਤ ਨਹੀਂ ਕਰਨਗੇ ਟਰੂਡੋ

ਬਿਆਰਿਟਜ਼, ਫਰਾਂਸ, 26 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜੀ-7 ਸਿਖਰ ਵਾਰਤਾ ਦੌਰਾਨ ਇਰਾਨ ਦੇ ਉੱਘੇ ਅਧਿਕਾਰੀ ਨਾਲ ਮੁਲਾਕਾਤ ਨਹੀਂ ਕਰਨ ਜਾ ਰਹੇ। ਇਰਾਨ ਦੇ ਇਹ ਅਧਿਕਾਰੀ ਅਣਐਲਾਨੇ ਢੰਗ ਨਾਲ ਹੀ ਜੀ-7 ਵਾਰਤਾ ਵਿੱਚ ਆ ਪਹੁੰਚੇ। ਇਹ ਸੱਭ ਉਦੋਂ ਹੋਇਆ ਜਦੋਂ ਸੱਤ ਮੁਲਕਾਂ ਦੇ ਆਲ੍ਹਾ ਅਧਿਕਾਰੀ ਆਪਸ ਵਿੱਚ ਬੈਠ ਕੇ ਗੱਲਬਾਤ ਕਰ ਰਹੇ ਸਨ।

ਫਰਾਂਸ ਦੇ ਰਾਸ਼ਟਰਪਤੀ ਵੱਲੋਂ ਇਰਾਨ ਦੇ ਵਿਦੇਸ਼ ਮੰਤਰੀ ਮੁਹੰਮਦ ਜਾਵੇਦ ਜ਼ਰੀਫ ਨੂੰ ਸੱਦਾ ਦੇ ਕੇ ਇਸ ਗੱਲਬਾਤ ਵਿੱਚ ਹਿੱਸਾ ਲੈਣ ਲਈ ਬੁਲਾਇਆ ਗਿਆ ਸੀ। ਅਜਿਹਾ ਰਾਸ਼ਟਰਪਤੀ ਇਮੈਨੁਅਲ ਮੈਕਰੌਨ ਵੱਲੋਂ ਇਰਾਨ ਤੇ ਯੂਕੇ ਦਰਮਿਆਨ ਵੱਧ ਰਹੇ ਤਣਾਅ ਨੂੰ ਘਟਾਉਣ ਲਈ ਦੋਵਾਂ ਧਿਰਾਂ ਨੂੰ ਸਾਂਝੇ ਮੰਚ ਉੱਤੇ ਇੱਕਠਾ ਕਰਨ ਦੀ ਕੋਸ਼ਿਸ਼ ਵਜੋਂ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਕੈਨੇਡਾ ਵੀ ਇਰਾਨ ਦੀ ਪ੍ਰਮਾਣੂ ਡੀਲ ਨੂੰ ਰੀਸਟੋਰ ਕਰਨ ਦੇ ਹੱਕ ਵਿੱਚ ਹੈ ਪਰ ਉਹ ਮੁੱਖ ਧਿਰ ਨਹੀਂ ਹੈ। ਇੱਕ ਸੀਨੀਅਰ ਕੈਨੇਡੀਅਨ ਅਧਿਕਾਰੀ ਨੇ ਦੱਸਿਆ ਕਿ ਕੈਨੇਡਾ ਜੀ-7 ਸਿਖਰ ਵਾਰਤਾ ਦੌਰਾਨ



ਬਾਹਰੀ ਤੌਰ ਉੱਤੇ ਹੀ ਇਸ ਡੀਲ ਦਾ ਸਮਰਥਨ ਕਰ ਪਾ ਰਿਹਾ ਹੈ। ਇਹ ਵੀ ਪਤਾ ਲੱਗਿਆ ਹੈ ਕਿ ਟਰੂਡੋ ਨੇ ਸੱਤ ਆਗੂਆਂ ਦੇ ਗਰੁੱਪ ਦੀ ਸ਼ਨਿੱਚਰਵਾਰ ਸ਼ਾਮ ਨੂੰ ਹੋਈ ਮੀਟਿੰਗ ਦੌਰਾਨ ਇਰਾਨ ਬਾਰੇ ਹੋਈ ਕੁਰੱਖਤ ਗੱਲਬਾਤ ਵਿੱਚ ਹਿੱਸਾ ਜ਼ਰੂਰ ਲਿਆ ਸੀ।

ਇਸ ਦੌਰਾਨ ਮੈਕਰੌਨ ਨੇ ਆਖਿਆ ਕਿ ਇਸ ਡਿਨਰ ਦੌਰਾਨ ਸਾਰੇ ਲੀਡਰ ਇਸ ਗੱਲ ਉੱਤੇ ਸਹਿਮਤ ਹੋਏ ਸਨ ਕਿ ਫਰਾਂਸ ਇਰਾਨ ਦੇ ਜੀ-7 ਮੈਸੈਂਜਰ ਦੀ ਭੂਮਿਕਾ ਨਿਭਾਅ ਸਕਦਾ ਹੈ।

ਪਰ ਬਾਅਦ ਵਿੱਚ ਟਰੰਪ ਨੇ ਕਿਸੇ ਵੀ ਗੱਲ ਉੱਤੇ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਬਾਅਦ ਵਿੱਚ ਮੈਕਰੌਨ ਨੇ ਵੀ ਚੁੱਪ ਵੱਟ ਲਈ। ਜ਼ਰੀਫ ਤੇ ਅਮਰੀਕੀ ਅਧਿਕਾਰੀਆਂ ਵਿਚਾਲੇ ਹੁਣ ਕੋਈ ਮੀਟਿੰਗ ਹੋਣ ਦੀ ਸੰਭਾਵਨਾ ਨਹੀਂ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਟਰੂਡੋ ਦੀ ਵੀ ਇਰਾਨੀ ਅਧਿਕਾਰੀ ਨਾਲ ਮੁਲਾਕਾਤ ਦੀ ਸੰਭਾਵਨਾ ਨਾਂਹ ਬਰਾਬਰ ਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਰਿਟਾਇਰਮੈਂਟ ਹੋਮ ਨੇੜੇ ਮ੍ਰਿਤਕ ਪਾਏ ਗਏ ਬਜ਼ੁਰਗ ਦਾ ਹੋਇਆ ਸੀ ਕਤਲ!

ਓਕਵਿੱਲੇ, 26 ਅਗਸਤ (ਪੋਸਟ ਬਿਊਰੋ) : ਓਕਵਿੱਲੇ ਵਿੱਚ ਰਿਟਾਇਰਮੈਂਟ ਹੋਮ ਦੇ ਨੇੜੇ ਮ੍ਰਿਤਕ ਪਾਏ ਗਏ 91 ਸਾਲਾ ਵਿਅਕਤੀ ਦਾ ਅਸਲ ਵਿੱਚ ਕਤਲ ਕੀਤੀ ਗਿਆ ਸੀ। ਇਹ ਜਾਣਕਾਰੀ ਪੁਲਿਸ ਵੱਲੋਂ ਦਿੱਤੀ ਗਈ। ਐਮਰਜੰਸੀ ਅਮਲੇ ਨੂੰ ਸ਼ਨਿੱਚਰਵਾਰ ਨੂੰ ਦੁਪਹਿਰੇ 4:40 ਵਜੇ ਲੇਕਸ਼ੋਰ ਰੋਡ ਈਸਟ ਦੇ ਉੱਤਰ ਵੱਲ ਚਰਚ ਐਂਡ ਐਲਨ ਸਟਰੀਟਸ ਇਲਾਕੇ ਵਿੱਚ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਅਫਸਰਾਂ ਨੇ ਦੇਖਿਆ ਕਿ ਇੱਕ ਬਜ਼ੁਰਗ ਵਿਅਕਤੀ ਦੀ ਛਾਤੀ ਵਿੱਚ ਜ਼ਖ਼ਮ ਸਨ ਤੇ ਉਹ ਔਖੇ ਸਾਹ ਲੈ ਰਿਹਾ ਸੀ। ਪੈਰਾਮੈਡਿਕਸ ਵੱਲੋਂ ਉਸ ਦੀ ਜਾਨ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੇ ਜਾਣ ਦੇ ਬਾਵਜੂਦ ਮੌਕੇ ਉੱਤੇ ਹੀ ਉਸ ਵਿਅਕਤੀ ਨੂੰ ਮ੍ਰਿਤਕ



ਐਲਾਨ ਦਿੱਤਾ ਗਿਆ।

ਉਸ ਵਿਅਕਤੀ ਦੀ ਪਛਾਣ ਓਕਵਿੱਲੇ ਦੇ ਹੀ ਐਡਮੰਡ ਫੇਰਾਰੀ ਵਜੋਂ ਕੀਤੀ ਗਈ ਹੈ। ਐਤਵਾਰ ਨੂੰ ਜਾਂਚਕਾਰਾਂ ਵੱਲੋਂ ਇੱਕ ਗੱਡੀ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਜੋ ਕਿ ਇਸ ਘਟਨਾ ਦੇ ਵਾਪਰਨ ਸਮੇਂ ਇਲਾਕੇ ਵਿੱਚ ਹੀ ਸੀ। ਇਹ ਵੋਲਕਸਵੈਗਨ ਗੌਲਫ ਦੀ ਚਾਰ ਦਰਵਾਜ਼ਿਆਂ ਵਾਲੀ ਨਵੀਂ ਗੱਡੀ ਦਾ ਮਾਡਲ ਸੀ। ਪੁਲਿਸ ਨੇ ਦੱਸਿਆ ਕਿ ਆਖਰੀ ਵਾਰੀ ਇਸ ਗੱਡੀ ਨੂੰ ਐਲਨ ਸਟਰੀਟ ਉੱਤੇ ਦੱਖਣ ਵੱਲ ਜਾਂਦਿਆਂ ਵੇਖਿਆ ਗਿਆ ਤੇ ਫਿਰ ਇਹ ਗੱਡੀ ਲੇਕਸ਼ੋਰ ਰੋਡ ਵੱਲ ਮੁੜ ਗਈ।

ਜਾਂਚਕਾਰਾਂ ਅਨੁਸਾਰ ਗੱਡੀ ਦਾ ਡਰਾਈਵਰ ਸਿਆਹ ਨਸਲ ਦਾ ਵਿਅਕਤੀ ਸੀ, ਜਿਸ ਦੀ ਉਮਰ 30 ਤੇ 40 ਸਾਲ ਦਰਮਿਆਨ ਸੀ। ਉਸ ਦੀ ਕੱਦਕਾਠੀ ਦਰਮਿਆਨੀ, ਮੋਢੇ ਤੱਕ ਲੰਮੇਂ ਵਾਲ ਸਨ ਤੇ ਉਸ ਨੂੰ ਆਖਰੀ ਵਾਰੀ ਕਾਲੇ ਰੰਗ ਦੀ ਟੌਪ, ਕਾਲੀ ਪੈਂਟ ਪਾਇਆਂ ਵੇਖਿਆ ਗਿਆ ਸੀ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

## ਵੇਲਜ਼ ਆਫ ਕੈਸਲਮੋਰ ਸੀਨੀਅਰ ਕਲੱਬ ਰਜਿਸਟਰ ਹੋਇਆ

ਬਰੈਂਪਟਨ-ਵੇਲਜ਼ ਆਫ ਕੈਸਲਮੋਰ ਸੀਨੀਅਰ ਕਲੱਬ ਦੇ ਪ੍ਰਧਾਨ ਵਤਨ ਸਿੰਘ ਗਿੱਲ ਦੇ ਦੱਸਣ ਮੁਤਾਬਕ ਇਹ ਕਲੱਬ ਬਹੁਤ ਥੋੜੇ ਸਮੇਂ ਅੰਦਰ ਹੀ ਰਜਿਸਟਰ ਹੋਕੇ ਸਿਟੀ ਆਫ ਬਰੈਂਪਟਨ ਵੱਲੋਂ ਸੀਨੀਅਰ ਕਲੱਬਾਂ ਨੂੰ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਦਾ ਹੱਕਦਾਰ ਬਣ ਗਿਆ ਹੈ। ਪ੍ਰਧਾਨ ਗਿੱਲ ਸਾਹਿਬ, ਇਸ ਕਲੱਬ ਦੇ ਸਾਰੇ ਡਾਈਰੈਕਟਰ ਅਤੇ ਮੈਂਬਰ ਜਨਰਲ ਸੈਕਟਰੀ ਹਰਪਾਲ ਸਿੰਘ ਛੀਨਾ ਹੁਰਾਂ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਦੀ ਸਰਗਰਮੀ ਸਦਕਾ ਇਹ ਕਲੱਬ ਜਲਦ ਹੀ ਸਿਟੀ ਨਾਲ ਜੁੜ ਸਕਿਆ ਹੈ। ਛੀਨਾ ਸਾਹਿਬ ਜਿਨ੍ਹਾਂ ਦਾ ਹੁਣੇ ਹੀ ਰੀੜ੍ਹ ਦੀ ਹੱਡੀ ਦਾ ਅਪਰੇਸ਼ਨ ਹੋਇਆ ਹੈ ਸਭ ਮੈਂਬਰ ਉਨ੍ਹਾਂ ਦੀ ਜਲਦ ਸੇਹਤਯਾਬੀ ਲਈ ਕਾਮਨਾ ਕਰਦੇ ਹਨ ਤਾਂ ਜੋ ਕਲੱਬ ਦੀਆਂ ਅਗਲੀਆਂ ਸਰਗਰਮੀਆਂ ਵਧੀਆ ਤਰੀਕੇ ਨਾਲ ਚਲਦੀਆਂ ਰਹਿਣ। ਇਸ ਕਲੱਬ ਦੇ ਪਹਿਲੇ ਸਫਲ ਟੂਰ ਤੋਂ ਬਾਅਦ ਦੂਸਰੇ ਟੂਰ ਦੀ ਬੁਕਿੰਗ ਪੂਰੀ ਹੋ ਚੁੱਕੀ ਹੈ। ਤੀਸਰਾ ਟੂਰ 9 ਸਿਤੰਬਰ ਦਿਨ ਸੋਮਵਾਰ ਨੂੰ ਚਿੜਿਆਘਰ ਟੋਰੰਟੋ ਦਾ ਹੈ ਇਸ ਦਿਨ ਐਂਟਰੀ ਅਤੇ ਰਾਈਡ ਸੀਨੀਅਰਸ ਲਈ ਮੁਫਤ ਹੁੰਦੀ ਹੈ। ਬਸ ਦਾ ਕਿਰਾਇਆ ਸਿਰਫ 15 ਡਾਲਰ ਰੱਖਿਆ ਗਿਆ ਹੈ। ਇਸ ਮੌਕੇ ਦਾ ਲਾਭ ਲੈਣ ਲਈ ਚਾਹਵਾਨ ਸੱਜਣ ਇਨ੍ਹਾਂ ਨੰਬਰਾਂ 'ਤੇ ਜਲਦ ਤੋਂ ਜਲਦ ਸੰਪਰਕ ਕਰਨ ਦੀ ਮੇਹਰਬਾਨੀ ਕਰਨ। ਵਤਨ ਸਿੰਘ ਗਿੱਲ (905 915 3476) ਹਰਪਾਲ ਸਿੰਘ ਛੀਨਾ (647 824 1096) ਹਰਜੀਤ ਦਿਓਲ (905 676 9242)।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਕਾਲ ਕਰੋ:
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ 647-643-7593

# ਬੇਅਦਬੀ ਕੇਸ: ਸੀ ਬੀ ਆਈ ਵੱਲੋਂ ਨਵੇਂ ਸਿਰਿਓਂ ਜਾਂਚ ਲਈ ਸਹਿਮਤੀ ਦੀ ਅਰਜ਼ੀ ਪੇਸ਼

ਚੰਡੀਗੜ੍ਹ, 26 ਅਗਸਤ, (ਪੋਸਟ ਬਿਊਰੋ)- ਚਾਰ ਸਾਲ ਪਹਿਲਾਂ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਣ ਬਾਰੇ ਚੱਲਦੇ ਕੇਸ ਵਿੱਚ ਅੱਜ ਸੋਮਵਾਰ ਓਦੋਂ ਨਵਾਂ ਮੋੜ ਆ ਗਿਆ, ਜਦੋਂ ਚੁਪਾਸਿਓਂ ਦਬਾਅ ਹੇਠ ਸੀ ਬੀ ਆਈ ਨੇ ਅਦਾਲਤ ਵਿੱਚ ਆਪਣੀ ਕਲੋਜ਼ਰ ਰਿਪੋਰਟ ਉੱਤੇ ਆਰਜ਼ੀ ਰੋਕ ਲਾਉਣ ਲਈ ਸੀ ਬੀ ਆਈ ਕੋਰਟ ਨੂੰ ਅਰਜ਼ੀ ਪੇਸ਼ ਕਰ ਕੇ ਇਹ ਦਲੀਲ ਦਿੱਤੀ ਕਿ ਏਜੰਸੀ ਨੇ ਜਿਹੜੀ ਜਾਂਚ ਪਹਿਲਾਂ ਕੀਤੀ ਸੀ, ਓਦੋਂ ਸਬੂਤ ਨਾ ਮਿਲਣ ਕਾਰਨ 24 ਜੁਲਾਈ ਨੂੰ ਇਸ ਕੇਸ ਦੀ ਕਲੋਜ਼ਰ ਰਿਪੋਰਟ ਪੇਸ਼ ਕੀਤੀ ਸੀ, ਪਰ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਸਪੈਸ਼ਲ ਡਾਇਰੈਕਟਰ ਕਮ ਡੀ ਜੀ ਪੀ ਨੇ 29 ਜੁਲਾਈ ਨੂੰ ਸਾਨੂੰ ਕੁਝ ਨਵੇਂ ਤੱਥ ਅਤੇ ਸਬੂਤ ਦਿੱਤੇ ਹਨ, ਜਿਨ੍ਹਾਂ ਨੂੰ ਦੇਖ ਕੇ ਇਨ੍ਹਾਂ ਬਾਰੇ ਜਾਂਚ ਕਰਨੀ ਬਣਦੀ ਹੈ। ਸੀ ਬੀ ਆਈ ਮੁਤਾਬਕ ਸਪੈਸ਼ਲ ਡੀ ਜੀ ਪੀ ਕਮ ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਆਪਣੇ ਪੱਤਰ ਵਿੱਚ ਇਨ੍ਹਾਂ ਕੇਸਾਂ ਦੀ ਮੁੜ ਜਾਂਚ ਲਈ ਵੀ ਕਿਹਾ ਹੈ। ਇਸ ਕਾਰਨ ਸਾਨੂੰ ਨਵੀਂ ਜਾਂਚ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤੇ ਉਦੋਂ ਤਕ ਇਸ ਕਲੋਜ਼ਰ ਰਿਪੋਰਟ ਉੱਤੇਅਦਾਲਤ ਵੱਲੋਂ ਰੋਕ ਲਾ ਦਿੱਤੀ ਜਾਵੇ।

### * ਪੰਜਾਬ ਸਰਕਾਰ ਨੇ ਕਿਹਾ: ਸਾਡਾ ਕੇਸ ਵਾਪਸ ਕਰੋ

ਇਸ ਦੇ ਮੂਹਰੇ ਪੰਜਾਬ ਸਰਕਾਰ ਨੇ ਸੀ ਬੀ ਆਈ ਦੀ ਅਰਜ਼ੀਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਐਡੀਸ਼ਨਲ ਚੀਫ ਸੈਕਟਰੀ(ਹੋਮ) ਸਤੀਸ਼ ਚੰਦਰਾ ਨੇ ਕਿਹਾ ਕਿ ਅਸੀਂ ਇਸ ਦਾ ਵਿਰੋਧ ਕਰਦੇ ਹਾਂ ਤੇ ਬੇਅਦਬੀ ਦੇ ਸਾਰੇ ਕੇਸ ਸੀ ਬੀ ਆਈ ਤੋਂ ਛੁਡਵਾਉਣ ਲਈ ਅਦਾਲਤ ਚੱਲੇ ਹਾਂ। ਉਨ੍ਹਾਂ ਕਿਹਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉੱਤੇਵਿਧਾਨ ਸਭਾ ਵਿੱਚਬਹਿਸ ਦੇ ਬਾਅਦ ਸਰਬਸੰਮਤੀ ਨਾਲ ਤੈਅ ਹੋਇਆ ਸੀ ਕਿ ਸੀ ਬੀ ਆਈ ਤੋਂ ਸਾਰੇ ਕੇਸ ਵਾਪਸ ਲੈ ਲਏ ਜਾਣ ਅਤੇ ਇਨ੍ਹਾਂ ਦੀ ਜਾਂਚ ਵਿਸ਼ੇਸ਼ ਜਾਂਚ ਟੀਮ ਤੋਂ ਕਰਵਾਈ ਜਾਵੇਗੀ।



ਮੋਹਾਲੀ ਅਦਾਲਤ ਵਿੱਚਸੀ ਬੀ ਆਈਵੱਲੋਂ ਇਸ ਕੇਸ ਦੀ ਦੋਬਾਰਾ ਜਾਂਚ ਦੀ ਅਰਜ਼ੀ ਦਾਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਵਿਰੋਧ ਕੀਤਾ ਅਤੇ ਕਿਹਾ ਹੈ ਕਿ ਸੀ ਬੀ ਆਈ ਨੇ ਬਰਗਾੜੀ ਬੇਅਦਬੀ ਕੇਸ ਨੂੰ ਬੁਝਾਰਤ ਬਣਾ ਦਿੱਤਾ ਹੈ, ਅਸੀਂ ਸਿਆਸੀ ਤੌਰ ਉੱਤੇ ਉਠਾਏ ਜਾ ਰਹੇ ਅਜਿਹੇ ਕਦਮ ਨੂੰ ਅੱਗੇ ਵਧਣ ਨਹੀਂ ਦੇਵਾਂਗੇ, ਇਸਦਾ ਵਿਰੋਧ ਕਰਾਂਗੇ।ਮੁੱਖ ਮੰਤਰੀ ਨੇ ਐਡਵੋਕੇਟ ਜਨਰਲ ਅਤੁਲ ਨੰਦਾ ਨੂੰ ਇਨ੍ਹਾਂ ਕੇਸਾਂ ਵਿੱਚਅੱਗੇ ਜਾਂਚ ਕਰਨ ਲਈਸੀ ਬੀ ਆਈ ਦੀ ਦਲੀਲ ਦਾ ਵਿਰੋਧ ਕਰਨ ਲਈ ਮਜ਼ਬੂਤ ਕੇਸ ਬਣਾਉਣ ਲਈ ਕਹਿ ਦਿੱਤਾ ਹੈ।ਉਨ੍ਹਾ ਦੋਸ਼ ਲਾਇਆ ਹੈ ਕਿ ਇਸ ਬਾਰੇਸੀ ਬੀ ਆਈ ਨੇ ਬਿਨਾ ਕਿਸੇ ਜਾਂਚ ਜਾਂ ਆਧਾਰ ਦੇ ਕਲੋਜ਼ਰ ਰਿਪੋਰਟ ਦਾਇਰ ਕੀਤੀ ਸੀ।

ਵਰਨਣ ਯੋਗ ਹੈ ਕਿ ਕੇਂਦਰੀ ਜਾਂਚ ਏਜੰਸੀ (ਸੀ ਬੀ ਆਈ) ਦੀ ਕਲੋਜ਼ਰ ਰਿਪੋਰਟ ਦੀ ਕਾਪੀ ਲੈਣ ਲਈ ਪੰਜਾਬ ਸਰਕਾਰ ਵੱਲੋਂਸੀ ਬੀ ਆਈ ਵਿਸ਼ੇਸ਼ ਅਦਾਲਤ ਵਿੱਚਪੇਸ਼ ਕੀਤੀ ਅਰਜ਼ੀ 23 ਜੁਲਾਈ ਦੇਰੱਦਹੋਣ ਪਿੱਛੋਂ ਸਰਕਾਰ ਨੇ ਇਨ੍ਹਾਂ ਆਦੇਸ਼ਾਂ ਨੂੰ ਚੁਣੌਤੀ ਦਿੱਤੀਅਤੇ ਅਦਾਲਤਕੋਲ ਰੀਵਿਊ ਪਟੀਸ਼ਨ ਦਾਖ਼ਲ ਕੀਤੀ ਸੀ। ਇਸ ਤੋਂ ਇਕ ਹਫਤੇ ਪਿੱਛੋਂ ਸੀ ਬੀ ਆਈ ਨੇ ਦੋਬਾਰਾ ਜਾਂਚ ਦੀ ਅਰਜ਼ੀ ਅਦਾਲਤ ਵਿੱਚ ਦੇ ਦਿੱਤੀ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਸੀ ਬੀ ਆਈਇਸ ਕਲੋਜ਼ਰ ਰਿਪੋਰਟ ਦੀ ਕਾਪੀ ਦੇਣ ਦੀ ਥਾਂ ਬਰਗਾੜੀ ਕੇਸਨੂੰ ਜਾਂਚ ਲਈ ਫਿਰ ਖੋਲ੍ਹਣ ਦੀ ਮੰਗ ਕਰ ਕੇ ਘਟੀਆ ਚਾਲਾਂ ਖੇਡ ਰਹੀ ਹੈ, ਜਦਕਿ ਪਹਿਲਾਂਇਸ ਨੇ ਇਸ ਕੇਸ ਦੀ ਅਗਲੀ ਜਾਂਚ ਨਾ ਕਰਨ ਦਾ ਦਾਅਵਾ ਕੀਤਾ ਸੀ। ਉਨ੍ਹਾਂ ਕਿਹਾ ਕਿ ਸੀ ਬੀ ਆਈ ਕਲੋਜ਼ਰ ਰਿਪੋਰਟ ਕਿਉਂ ਨਹੀਂ ਦੇਂਦੀ? ਉਹ ਕੀ ਲੁਕਾਉਣਾ ਚਾਹੁੰਦੀ ਹੈ? ਇਸ ਸਾਰੇ ਕੇਸ ਵਿੱਚ ਏਜੰਸੀ ਵਲੋਂ ਆਪਣੇ ਮਤਲਬ ਲਈ ਜਾਂਚ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਝਲਕਦੀਆਂ ਹਨ।

ਆਪਣੇ ਦਿੱਲੀ ਵਿੱਚ ਬੈਠੇ ਸਿਆਸੀ ਮਾਲਕਾਂ ਦੇ ਇਸ਼ਾਰੇ ਮੁਤਾਬਕ ਚੱਲਣ ਲਈ ਸੀ ਬੀ ਆਈਉੱਤੇ ਦੋਸ਼ ਲਾਉਂਦੇ ਹੋਏਮੁੱਖ ਮੰਤਰੀ ਨੇ ਅਗਲੀਜਾਂਚ ਲਈ ਇਸ ਏਜੰਸੀ ਦੀ ਪੈਦਾ ਹੋਈ ਅਚਾਨਕ ਲੋੜ ਉੱਤੇ ਸਵਾਲ ਕੀਤਾ ਅਤੇ ਕਿਹਾ ਕਿ ਪਹਿਲਾਂ ਇਨ੍ਹਾਂ ਕੋਲ ਕਲੋਜ਼ਰ ਰਿਪੋਰਟ ਬੰਦ ਕਰਨ ਦਾ ਕੋਈ ਜਵਾਬ ਨਹੀਂ ਸੀ ਤੇ ਅੱਜ ਇਸ ਰਿਪੋਰਟ ਉੱਤੇ ਰੋਕ ਲਾਉਣ ਦੀ ਮੰਗ ਕਰਨਾ ਜਾਇਜ਼ ਨਹੀਂ। ਉਨ੍ਹਾਂ ਕਿਹਾ ਕਿ ਸੀ ਬੀ ਆਈ ਦੀ ਦਲੀਲ ਦਾ ਸਾਫ ਮੰਤਵ ਰਾਜ ਸਰਕਾਰ ਵਲੋਂ ਇਨ੍ਹਾਂ ਕੇਸਾਂ ਦੀ ਜਾਂਚ ਵਿਸ਼ੇਸ਼ ਜਾਂਚ ਟੀਮ ਤੋਂ ਕਰਵਾਉਣ ਦੇ ਰਸਤੇ ਵਿੱਚ ਰੁਕਾਵਟ ਪੈਦਾ ਕਰਨਾ ਹੈ।

# ਹਰ ਪਾਸਿਓਂ ਨਿਰਾਸ਼ ਹੋਏ ਇਮਰਾਨ ਖਾਨ ਵੱਲੋਂ ਭਾਰਤ ਨੂੰ ਐਟਮੀ ਹਮਲੇ ਦੀ ਧਮਕੀ

ਇਸਲਾਮਾਬਾਦ, 26 ਅਗਸਤ, (ਪੋਸਟ ਬਿਊਰੋ)- ਕਸ਼ਮੀਰ ਮਸਲੇ ਉੱਤੇਸਾਰੀ ਦੁਨੀਆ ਵਿੱਚ ਅਸਲੋਂ ਹੀ ਇਕੱਲੇ ਜਿਹੇ ਰਹਿ ਜਾਣ ਦੇ ਬਾਅਦ ਪਾਕਿਸਤਾਨ ਨੇ ਅੱਜ ਭਾਰਤ ਨੂੰਐਟਮੀ ਹਮਲੇ ਦੀ ਧਮਕੀ ਦੇਦਿੱਤੀ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖ਼ਾਨ ਨੇ ਅੱਜ ਸੋਮਵਾਰ ਨੂੰ ਕਿਹਾ, 'ਕੀ ਇਹ ਵੱਡੇ ਦੇਸ਼ ਸਿਰਫ਼ ਆਪਣੇ ਆਰਥਿਕ ਹਿੱਤ ਹੀ ਦੇਖਣਗੇ, ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ-ਪਾਕਿ ਦੋਵਾਂ ਦੇਸ਼ਾਂ ਕੋਲ ਐਟਮੀ ਹਥਿਆਰ ਹਨ,ਐਟਮੀ ਜੰਗ ਵਿੱਚ ਕੋਈ ਜੇਤੂ ਨਹੀਂ ਹੋਵੇਗਾ, ਇਹ ਸਿਰਫ਼ ਇਸ ਖਿੱਤੇ ਵਿੱਚ ਕਹਿਰ ਨਹੀਂ ਢਾਹੁਣਗੇ, ਪੂਰੀ ਦੁਨੀਆ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ। ਅੱਗੋਂ ਇਹ ਸੰਸਾਰ ਭਾਈਚਾਰੇ ਉੱਤੇ ਨਿਰਭਰ ਹੈ।'

ਅੱਜ ਫਰਾਂਸ ਵਿੱਚ ਜੀ-7 ਸੰਮੇਲਨ ਤੋਂ ਵੱਖਰੇ ਤੌਰ ਉੱਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੁਲਾਕਾਤ ਪਿੱਛੋਂ ਆਪਣੇ ਦੇਸ਼ ਦੇ ਨਾਂ ਸੰਬੋਧਨ ਵਿੱਚ ਇਮਰਾਨ ਖ਼ਾਨ ਨੇ ਪਾਕਿਸਤਾਨੀ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਉਦੋਂ ਤਕ ਕਸ਼ਮੀਰੀ ਲੋਕਾਂ ਨਾਲ ਖੜ੍ਹੀ ਰਹੇਗੀ, ਜਦੋਂ ਤਕ ਭਾਰਤ ਕਸ਼ਮੀਰ ਵਾਦੀਤੋਂ ਪਾਬੰਦੀਆਂ ਨਹੀਂ ਹਟਾ ਲੈਂਦਾ।



ਕਸ਼ਮੀਰਬਾਰੇ ਆਪਣੀ ਸਰਕਾਰ ਦੀ ਰਣਨੀਤੀ ਬਾਰੇ ਇਮਰਾਨ ਖਾਨ ਨੇ ਕਿਹਾ ਕਿ ਸਭ ਤੋਂ ਪਹਿਲਾਂ ਮੇਰਾ ਇਹ ਮੰਨਣਾ ਹੈ ਕਿ ਪੂਰਾ ਦੇਸ਼ ਕਸ਼ਮੀਰੀਆਂ ਨਾਲ ਖੜ੍ਹਾ ਹੋਣਾ ਚਾਹੀਦਾ ਹੈ, ਮੈਂ ਕਿਹਾ ਹੈ ਕਿ ਮੈਂ ਕਸ਼ਮੀਰ ਦੇ ਦੂਤ ਵਜੋਂ ਕੰਮ ਕਰਾਂਗਾ।ਅਗਲੇ ਮਹੀਨੇ ਯੂ ਐੱਨ ਜਨਰਲ ਅਸੈਂਬਲੀ ਵਿੱਚ ਆਪਣੇ ਭਾਸ਼ਣ ਦੀ ਤਿਆਰੀ ਦਾ ਜ਼ਿਕਰ ਕਰ ਕੇ ਉਨ੍ਹਾਂਕਿਹਾ ਕਿ ਮੈਂ ਦੁਨੀਆ ਨੂੰ ਇਸ ਬਾਰੇ ਦੱਸਾਂਗਾ, ਜਿਨ੍ਹਾਂ ਦੇਸ਼ਾਂ ਦੇ ਮੁਖੀਆਂ ਨਾਲ ਮੈਂ ਸੰਪਰਕ ਵਿੱਚ ਹਾਂ, ਉਨ੍ਹਾਂ ਨਾਲ ਮੈਂ ਗੱਲ ਕਰ ਲਈ ਹੈ। ਮੈਂ ਇਹ ਮੁੱਦਾ ਯੂ ਐੱਨ ਓ ਵਿੱਚ ਉਠਾਵਾਂਗਾ। ਉਨ੍ਹਾਂ ਕਿਹਾ ਕਿ ਮੈਂ ਅਖ਼ਬਾਰਾਂ ਵਿੱਚ ਪੜ੍ਹਿਆ ਹੈ ਕਿ ਲੋਕ ਇਸ ਗੱਲੋਂ ਨਿਰਾਸ਼ ਹਨ ਕਿ ਮੁਸਲਿਮ ਦੇਸ਼ ਕਸ਼ਮੀਰ ਦੇ ਨਾਲ ਨਹੀਂ ਹਨ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਨਿਰਾਸ਼ ਨਾ ਹੋਵੋ, ਕੁਝ ਦੇਸ਼ ਆਪਣੇ ਆਰਥਿਕ ਹਿੱਤਾਂ ਕਾਰਨ ਇਹ ਮੁੱਦਾ ਨਹੀਂ ਚੁੱਕ ਰਹੇ ਤਾਂ ਆਖਰ ਉਹ ਵੀ ਇਸ ਮੁੱਦੇ ਨੂੰ ਚੁੱਕਣਗੇ। ਸਮੇਂ ਦੇ ਨਾਲ ਉਨ੍ਹਾਂ ਨੂੰ ਇਹੋ ਕਰਨਾ ਪਵੇਗਾ।

ਇਮਰਾਨ ਖਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਸ਼ਮੀਰ ਤੋਂ ਧਾਰਾ 370 ਹਟਾ ਕੇ ਇਤਿਹਾਸਕ ਭੁੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਯੂ ਐੱਨ ਦੀ ਜ਼ਿੰਮੇਵਾਰੀ ਹੈ, ਜਿਸ ਨੇ ਕਸ਼ਮੀਰੀ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਰਾਖੀ ਕਰਨਗੇ, ਪਰ ਇਹ ਇਤਿਹਾਸ ਹੈ ਕਿ ਸੰਸਾਰ ਸੰਸਥਾਵਾਂ ਨੇ ਸਦਾਤਕੜਿਆਂ ਦਾ ਸਾਥ ਦਿੱਤਾ ਹੈ।ਯੂ ਐੱਨ ਨੂੰ ਸੋਚਣਾ ਚਾਹੀਦਾ ਹੈ ਕਿ 125 ਕਰੋੜ ਮੁਸਲਿਮ ਇਸ ਬਾਰੇ ਫ਼ਿਕਰਮੰਦ ਹਨ।ਇਮਰਾਨ ਖ਼ਾਨ ਨੇ ਦਾਅਵਾ ਕੀਤਾ, 'ਸਾਨੂੰ ਜਾਣਕਾਰੀ ਮਿਲੀ ਹੈ ਕਿ ਉਹ ਇਕ ਫਾਲਸ ਫਲੈਗ ਆਪ੍ਰੇਸ਼ਨ ਦੀ ਤਿਆਰੀ ਵਿੱਚ ਸਨ, ਜਿਵੇਂ ਉਨ੍ਹਾਂ ਨੇ ਕਸ਼ਮੀਰ ਮੁੱਦੇ ਤੋਂ ਧਿਆਨ ਹਟਾਉਣ ਲਈ ਬਾਲਾਕੋਟ ਵਿੱਚ ਕੀਤਾ ਸੀ। ਇਸ ਮੌਕੇ ਭਾਰਤ ਵੱਲ ਸ਼ਾਂਤੀ ਦੀ ਪਹਿਲ ਬਾਰੇਇਮਰਾਨ ਨੇ ਕਿਹਾ ਕਿ ਭਾਰਤ ਵਿੱਚ ਚੋਣਾਂ ਤੋਂ ਬਾਅਦ ਸਾਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਦਾ ਵੱਖਰਾ ਏਜੰਡਾ ਸੀ ਅਤੇ ਪਾਕਿਸਤਾਨ ਨੂੰ ਐੱਫਏਟੀਐੱਫ ਵਿੱਚ ਬਲੈਕ ਲਿਸਟ ਕਰਾਉਣ ਦੀ ਕੋਸ਼ਿਸ਼ ਵੀ ਉਨ੍ਹਾਂ ਨੇ ਕੀਤੀ ਹੈ।

ਗਡਕਰੀ ਵੱਲੋਂ ਰੇਲ ਮੰਤਰੀ ਨੂੰ ਚਿੱਠੀ:

# ਪ੍ਰਮੁੱਖ ਯਾਤਰੀ ਸਥਾਨਾਂ ਉੱਤੇ ਪੀਣ ਨੂੰ ਮਿਲ ਸਕਦੀ ਹੈ ਕੁੱਲੜ ਦੀ ਚਾਹ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਭਾਰਤ ਦੇ ਪ੍ਰਮੁੱਖ ਰੇਲਵੇ ਸਟੇਸ਼ਨਾਂ, ਬਸ ਅੱਡਿਆਂ, ਹਵਾਈ ਅੱਡਿਆਂ ਅਤੇ ਮਾਲ 'ਚ ਤੁਹਾਨੂੰ ਛੇਤੀ ਹੀ ਕੁੱਲੜ ਵਾਲੀ ਚਾਹ ਪੀਣ ਨੂੰ ਮਿਲ ਸਕਦੀ ਹੈ। ਕੇਂਦਰੀ ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਰੇਲ ਮੰਤਰੀ ਪਿਊਸ਼ ਗੋਇਲ ਨੂੰ ਇਸ ਬਾਰੇ ਚਿੱਠੀ ਲਿਖੀ ਹੈ। ਅਜੇ ਵਾਰਾਣਸੀ ਅਤੇ ਰਾਇਬਰੇਲੀ ਸਟੇਸ਼ਨਾਂ ਉੱਤੇ ਹੀ ਪੱਕੀ ਮਿੱਟੀ ਨਾਲ ਬਣੇ ਕੁੱਲੜ ਵਿੱਚ ਚਾਹ ਦਿੱਤੀ ਜਾਂਦੀ ਹੈ। ਗਡਕਰੀ ਨੇ ਕਿਹਾ, ਮੈਂ ਪਿਊਸ਼ ਗੋਇਲ ਨੇ ਚਿੱਠੀ ਲਿਖ ਕੇ 100 ਰੇਲਵੇ ਸਟੇਸ਼ਨਾਂ 'ਤੇ ਕੁੱਲੜ ਨੂੰ ਜ਼ਰੂਰੀ ਕਰਨ ਦੇ ਲਈ ਕਿਹਾ। ਮੈਂ ਹਵਾਈ ਅੱਡਿਆਂ ਅਤੇ ਬਸ ਡਿਪੂ ਦੀਆਂ ਚਾਹ ਦੀਆਂ ਦੁਕਾਨਾਂ 'ਤੇ ਵੀ ਇਹ ਜ਼ਰੂਰੀ ਕਰਨ ਦਾ ਸੁਝਾਅ ਦਿੱਤਾ ਹੈ। ਅਸੀਂ ਕੁੱਲੜ ਦੀ ਵਰਤੋਂ ਲਈ ਮਾਲ ਨੂੰ ਹੱਲਾਸ਼ੇਰੀ ਦੇਵਾਂਗੇ। ਗਡਕਰੀ ਨੇ ਕਿਹਾ ਕਿ ਇਸ ਨਾਲ ਸਥਾਨਕ ਘੁਮਿਆਰਾਂ ਨੂੰ ਬਾਜ਼ਾਰ ਮਿਲੇਗਾ। ਇਸ ਨਾਲ ਕਾਗਜ਼ ਅਤੇ ਪਲਾਸਟਿਕ ਨਾਲ ਬਣੇ ਗਲਾਸਾਂ ਦੀ ਵਰਤੋਂ ਬੰਦ ਹੋਣ ਨਾਲ ਵਾਤਾਵਰਣ ਨੂੰ ਹੋ ਰਿਹਾ ਨੁਕਸਾਨ ਘੱਟ ਹੋਵੇਗਾ। ਗਡਕਰੀ ਨੇ ਖਾਦੀ ਪੇਂਡੂ ਉਦਯੋਗ ਖੇਤਰ ਨੂੰ ਮੰਗਣ ਵਧਣ ਦੀ ਸਥਿਤੀ 'ਚ ਵਿਆਪਕ ਪੱਧਰ 'ਤੇ ਕੁੱਲੜ ਉਤਪਾਦਨ ਲਈ ਜ਼ਰੂਰੀ ਉਪਕਰਣ ਉਪਲਬਧ ਕਰਵਾਉਣ ਨੂੰ ਵੀ ਕਿਹਾ ਹੈ।

# ਸੀ ਬੀ ਆਈ ਕੇਸ ਵਿੱਚ ਚਿਦੰਬਰਮ ਦੀ ਅਰਜ਼ੀ ਰੱਦ

### * ਈ ਡੀ ਵੱਲੋਂ ਗ੍ਰਿਫਤਾਰ ਕਰਨ ਉੱਤੇ ਰੋਕ ਅਜੇ ਵੀ ਜਾਰੀ

ਨਵੀਂ ਦਿੱਲੀ, 26 ਅਗਸਤ, (ਪੋਸਟ ਬਿਊਰੋ)- ਆਈਐੱਨ ਐਕਸ ਮੀਡੀਆ ਵਾਲੇ ਭ੍ਰਿਸ਼ਟਾਚਾਰ ਕੇਸ ਦੇਦੋਸ਼ੀ ਸਾਬਕਾ ਕੇਂਦਰੀ ਮੰਤਰੀ ਪੀ. ਚਿਦੰਬਰਮ ਦੀ ਪੇਸ਼ਗੀ ਜ਼ਮਾਨਤ ਨੂੰ ਬੇਲੋੜੀ ਦੱਸ ਕੇ ਅਦਾਲਤ ਨੇ ਅਰਜ਼ੀ ਰੱਦ ਕਰ ਦਿੱਤੀਹੈ, ਪਰ ਮਨੀ ਲਾਂਡਰਿੰਗ ਰੋਕੂ ਕਾਨੂੰਨ ਹੇਠ ਚੱਲਦੇ ਇਨਫੋਰਸਮੈਂਟ ਡਾਇਰੈਕਟੋਰੇਟ ਈ ਡੀ ਦੇ ਕੇਸ ਵਿਚ ਪੇਸ਼ਗੀ ਜ਼ਮਾਨਤ ਉੱਤੇ ਸੁਣਵਾਈ ਜਾਰੀ ਰਹਿਣ ਕਾਰ-ਨਅਦਾਲਤ ਨੇਗ੍ਰਿਫਤਾਰੀ ਉੱਤੇ ਰੋਕਹਾਲੇ ਜਾਰੀ ਰੱਖੀ ਹੈ।

ਅੱਜ ਸੋਮਵਾਰ ਨੂੰ ਪੀ. ਚਿਦੰਬਰਮ ਨੂੰ ਇਹ ਝਟਕਾਲੱਗਾ ਕਿ ਅਦਾਲਤ ਦੇ ਸ਼ੁੱਕਰਵਾਰ ਦੇ ਆਦੇਸ਼ ਦੇ ਬਾਵਜੂਦ ਸੀ ਬੀ ਆਈ ਰਿਮਾਂਡ ਨੂੰ ਚੁਣੌਤੀ ਦੇਣ ਵਾਲੀ ਉਨ੍ਹਾਂ ਦੀ ਅਰਜ਼ੀ ਸੋਮਵਾਰ ਨੂੰ ਸੁਣਵਾਈ ਵਾਸਤੇ ਨਹੀਂ ਲੱਗੀ। ਚਿਦੰਬਰਮ ਨੇ ਸੁਪਰੀਮ ਕੋਰਟ ਵਿਚ ਤਿੰਨ ਅਰਜ਼ੀ ਦਿੱਤੀਆਂ ਹਨ, ਜਿਨ੍ਹਾਂ ਵਿੱਚੋਂ ਦੋਂਹ ਵਿਚ ਸੀ ਬੀ ਆਈਅਤੇ ਮਨੀ ਲਾਂਡਰਿੰਗ ਮਾਮਲੇ ਵਿਚ ਹਾਈ



ਕੋਰਟ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਗਈ ਹੈ ਅਤੇ ਤੀਜੀ ਪਟੀਸ਼ਨ ਵਿਚ ਸੀ ਬੀ ਆਈ ਹਿਰਾਸਤ ਵਿੱਚ ਭੇਜੇ ਜਾਣ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਸੀ।ਅੱਜ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਉੱਤੇ ਬਹਿਸ ਸ਼ੁਰੂ ਕਰਦਿਆਂ ਚਿਦੰਬਰਮ ਦੇ ਵਕੀਲ ਕਪਿਲ ਸਿੱਬਲ ਨੇ ਜੀਵਨ ਅਤੇ ਆਜ਼ਾਦੀ ਦੇ ਮੁੱਢਲੇ ਅਧਿਕਾਰ ਦਾ ਜ਼ਿਕਰ ਕਰ ਕੇ ਕਿਹਾ ਕਿ ਉਨ੍ਹਾਂ ਨੂੰ ਸੁਣਿਆ ਨਹੀਂ ਗਿਆ, ਉਨ੍ਹਾਂ ਨੂੰ ਸੁਣੇ ਜਾਣ ਦਾ ਅਧਿਕਾਰ ਹੈ, ਪਰ ਅਦਾਲਤ ਨੇ ਕਿਹਾ ਕਿ ਗ੍ਰਿਫਤਾਰੀ ਪਿੱਛੋਂ ਪਟੀਸ਼ਨ ਬੇਅਸਰ ਹੋ ਗਈ ਹੈ, ਇਸ ਉੱਤੇਇਸ ਵੇਲੇ ਸੁਣਵਾਈ ਨਹੀਂ ਹੋ ਸਕਦੀ। ਅਦਾਲਤ ਨੇ ਕਿਹਾ ਕਿ ਚਿਦੰਬਰਮ ਇਸ ਦੀਬਾਕਾਇਦਾ ਜ਼ਮਾਨਤ ਅਰਜ਼ੀ ਦੇਣ। ਇਸ ਤੋਂ ਬਾਅਦ ਸਿੱਬਲ ਨੇ ਈ ਡੀਕੇਸ ਵਿਚ ਪੇਸ਼ਗੀ ਜ਼ਮਾਨਤਦੀ ਬਹਿਸ ਕੀਤੀ ਤੇ ਕਿਹਾ ਕਿ ਨਿਰਪੱਖ ਅਤੇ ਆਜ਼ਾਦ ਸੁਣਵਾਈ ਦਾ ਮੌਕਾ ਮਿਲਣਾ ਚਾਹੀਦਾ ਹੈ, ਚਿਦੰਬਰਮ ਨੂੰ ਹਿਰਾਸਤ ਵਿਚ ਲੈਣ ਦੀ ਲੋੜ ਨਹੀਂ, ਕਿਉਂਕਿ ਸਾਰੇ ਲੈਣ-ਦੇਣ ਦੇ ਦਸਤਾਵੇਜ਼ ਅਤੇ ਬੈਂਕ ਟ੍ਰਾਂਜੈਕਸ਼ਨਾਂ ਮੌਜੂਦ ਹਨ। ਉਨ੍ਹਾਂ ਕਿਹਾ ਕਿ ਜਦੋਂ ਈ ਡੀ ਨੇ ਉਨ੍ਹਾਂ ਨੂੰ ਪੁੱਛਗਿੱਛਲਈ ਸੱਦਿਆ ਤਾਂ ਓਦੋਂ ਇਹ ਗੱਲਾਂ ਨਹੀਂ ਪੁੱਛੀਆਂ, ਜਿਨ੍ਹਾਂ ਬਾਰੇ ਅੱਜ ਦੋਸ਼ ਲਾਏ ਹਨ। ਈ ਡੀ ਕਹਿੰਦੀ ਹੈ ਕਿ ਚਿਦੰਬਰਮ ਦੀਆਂ 11 ਜਾਇਦਾਦਾਂ ਅਤੇ 17 ਬੈਂਕ ਖਾਤੇ ਵਿਦੇਸ਼ ਵਿਚ ਹਨ, ਪਰਉਸ ਦੀ ਨਾ ਜਾਇਦਾਦ ਅਤੇ ਨਾ ਕੋਈ ਖਾਤਾ ਵਿਦੇਸ਼ ਵਿਚ ਹੈ। ਈ ਡੀ ਬੇਨਾਮੀ ਜਾਇਦਾਦਾਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ ਦੱਸ ਰਹੀ ਹੈ।

ਦੂਸਰੇ ਪਾਸੇ ਈ ਡੀ ਨੇ ਅੱਜ ਸੋਮਵਾਰ ਨੂੰ ਸੁਪਰੀਮ ਕੋਰਟ ਵਿਚ ਐਫੀਡੇਵਿਟ ਪੇਸ਼ ਕਰਕੇ ਚਿਦੰਬਰਮ ਦੀ ਪੇਸ਼ਗੀ ਜ਼ਮਾਨਤ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਫਾਇਨੈਂਸ਼ੀਅਲ ਇੰਟੈਲੀਜੈਂਸ ਯੂਨਿਟ (ਐੱਫਆਈਯੂ) ਦੀ ਸੂਚਨਾ ਮੁਤਾਬਕ ਚਿਦੰਬਰਮ ਤੇ ਸਾਥੀ ਸਾਜਿਸ਼ਕਰਤਾਵਾਂ ਦੀਆਂ ਜਾਇਦਾਦਾਂ ਤੇ ਬੈਂਕ ਖਾਤੇ ਵੱਖ-ਵੱਖ ਦੇਸ਼ਾਂ ਅਰਜਨਟੀਨਾ, ਆਸਟਰੀਆ, ਬ੍ਰਿਟਿਸ਼ ਵਰਜੀਨੀਆ ਆਈਲੈਂਡ, ਫਰਾਂਸ, ਗਰੀਸ, ਮਲੇਸ਼ੀਆ, ਮੋਨੱਕੋ, ਫਿਲਪੀਨ, ਸਿੰਗਾਪੁਰ, ਦੱਖਣ ਅਫਰੀਕਾ, ਸਪੇਨ ਅਤੇ ਸ੍ਰੀਲੰਕਾ ਵਿਚ ਹਨ। ਇਨ੍ਹਾਂ ਵਿਚ ਪੈਸਾਉਸ ਦੇ ਸਾਥੀ ਤੇ ਦੂਸਰੇ ਦੋਸ਼ੀਆਂ ਨੇ ਫ਼ਰਜ਼ੀ ਕੰਪਨੀਆਂ ਰਾਹੀਂ ਲਾਇਆ ਹੈ, ਜਿਸ ਦਾ ਸਾਰਾ ਰਿਕਾਰਡ ਅਦਾਲਤ ਚਾਹੇ ਤਾਂ ਦੇਖ ਸਕਦੀ ਹੈ। ਇਨ੍ਹਾਂ ਸਾਰੇ ਕੇਸਾਂ ਵਿਚ ਉਸ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕਰਨ ਦੀ ਲੋੜ ਹੈ ਤੇ ਰਿਕਾਰਡ ਨਾਲ ਮਿਲਾਨ ਕਰਵਾਉਣਾ ਹੈ।

# ਫੌਜ ਦਾ ਜਾਅਲੀ ਕੈਪਟਨ ਬਣਿਆ ਨੌਜਵਾਨ ਗ੍ਰਿਫਤਾਰ

ਅੰਮ੍ਰਿਤਸਰ, 26 ਅਗਸਤ (ਪੋਸਟ ਬਿਊਰੋ)- ਸਿਵਲ ਲਾਈਨ ਥਾਣਾ ਪੁਲਸ ਨੇ ਫੌਜ ਦੇ ਜਾਅਲੀ ਕੈਪਟਨ ਨੂੰ ਕੱਲ੍ਹ ਰਾਤ ਕਾਰ ਵਿੱਚ ਘੁੰਮਦੇ ਨੂੰ ਗ੍ਰਿਫਤਾਰ ਕਰ ਲਿਆ। ਉਸ ਤੋਂ ਫੌਜ ਦੀਆਂ ਦੋ ਵਰਦੀਆਂ, ਆਈ-ਕਾਰਡ, ਫੌਜ ਦੇ ਬੈਜ, ਕਾਰ ਤੇ ਹੋਰ ਦਸਤਾਵੇਜ਼ ਮਿਲੇ ਹਨ। ਪੁਲਸ ਨੇ ਦੋਸ਼ੀ ਦੇ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਖਾਸਾ ਕੈਂਪ ਨੇੜੇ ਰਹਿਣ ਵਾਲੇ ਫੌਜ ਦੇ ਅਫਸਰ ਸੁਮੇਰ ਕੌਲ ਅਜਨਾਲਾ ਰੋਡ 'ਤੇ ਕਿਸੇ ਕੰਮ ਪਹੁੰਚੇ ਸਨ। ਉਨ੍ਹਾਂ ਨੇ ਇੱਕ ਕਾਰ ਵਿੱਚ ਸਵਾਰ ਫੌਜੀ ਵਰਦੀ ਵਾਲੇ ਵਿਅਕਤੀ ਨੂੰ ਦੇਖਿਆ। ਉਨ੍ਹਾਂ ਨੂੰ ਸ਼ੱਕ ਹੋਇਆ ਤੇ ਉਨ੍ਹਾਂ ਨੇ ਪੁਲਸ ਕੰਟਰੋਲ ਰੂਮ ਨੂੰ ਸ਼ਿਕਾਇਤ ਕਰ ਦਿੱਤੀ। ਇਸ 'ਤੇ ਪੁਲਸ ਨੇ ਸ਼ਹਿਰ ਵਿੱਚ ਨਾਕਾਬੰਦੀ ਕਰ ਕੇ ਕੁਝ ਦੂਰ ਦੋਸ਼ੀ ਨੂੰ ਦਬੋਚ ਲਿਆ। ਉਸ ਦੀ ਪਛਾਣ ਕਪੂਰਥਲਾ ਦੇ ਖਹਿਰਾ ਮੱਝਾ ਸਿੰਘ ਪਿੰਡ ਦੇ ਸੁਖਜਿੰਦਰ ਸਿੰਘ ਉਰਫ ਖਹਿਰਾ ਵਜੋਂ ਹੋਈ ਹੈ। ਦੋਸ਼ੀ ਤੋਂ ਕਾਰ ਵਿੱਚ ਰੱਖੀ ਫੌਜ ਦੇ ਕੈਪਟਨ ਦੀ ਵਰਦੀ ਮਿਲੀ ਹੈ। ਪੁੱਛਗਿੱਛ ਵਿੱਚ ਉਸ ਦੀਆਂ ਗੱਲਾਂ ਤੋਂ ਪਹਿਲਾਂ ਜਾਂਚ ਅਧਿਕਾਰੀ ਵੀ ਪ੍ਰਭਾਵਤ ਹੋ ਗਿਆ, ਪਰ ਜਦ ਗੰਭੀਰਤਾ ਨਾਲ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉਹ ਜਾਅਲ ਸਾਜ਼ ਹੈ।

ਦੂਸਰੇ ਪਾਸੇ ਪੁਲਸ ਨ ਇੱਕ ਜਾਅਲੀ ਐੱਸ ਐਸ ਪੀ ਬਣਿਆ ਨੌਜਵਾਨ ਵੀ ਫੜਿਆ ਹੈ ਉਸ ਨੇ ਫੋਨ ਉੱਤੇ ਕਿਹਾ ਸੀ ਕਿ ਮੈਂ ਐੱਸ ਐੱਸ ਪੀ ਵਿਕਰਮਜੀਤ ਦੁੱਗਲ ਅੰਮ੍ਰਿਤਸਰ (ਦਿਹਾਤੀ) ਬੋਲ ਰਿਹਾ ਹਾਂ। ਅਪ੍ਰੈਲ 2019 ਵਿੱਚ ਤੁਹਾਡਾ (ਧੂਰੀ ਵਾਸੀ ਹਰਦੇਵ ਸਿੰਘ) ਲਾਪਤਾ ਬੇਟਾ ਦਲਜੀਤ ਸਿੰਘ ਬੀ ਐੱਸ ਐੱਫ ਦੀ ਹਿਰਾਸਤ ਵਿੱਚ ਹੈ। ਉਸ ਨੂੰ ਛੁਡਾਉਣ ਦੇ ਲਈ ਦੋ ਲੱਖ ਰੁਪਏ ਲਵਾਂਗਾ। ਜਲਦੀ ਪੈਸੇ ਲੈ ਕੇ ਅਟਾਰੀ ਬਾਰਡਰ ਨੇੜੇ ਪਹੁੰਚ ਜਾਓ। ਇਹ ਸ਼ਬਦ ਠੱਗੀ ਦੇ ਦੋਸ਼ੀ ਤਰਨ ਤਾਰਨ ਦੇ ਚੋਹਲਾ ਸਾਹਿਬ ਨੇੜੇ ਵੜਿੰਗ ਪਿੰਡ ਦੇ ਜਗਤਾਰ ਸਿੰਘ ਨੇ ਫੋਨ ਉੱਤੇ ਹਰਦੇਵ ਸਿੰਘ ਨੂੰ ਕਹੇ ਸਨ। ਜੰਡਿਆਲਾ ਗੁਰੂ ਪੁਲਸ ਨੂੰ ਜਦੋਂ ਇਸ ਬਾਰੇ ਵਿੱਚ ਪਤਾ ਲੱਗਾ ਤਾਂ ਉਨ੍ਹਾਂ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ।

ਸੰਗਰੂਰ ਦੇ ਕਸਬਾ ਧੂਰੀ ਦੇ ਪੁਨਾਵਾ ਪਿੰਡ ਦੇ ਹਰਦੇਵ ਸਿੰਘ ਨੇ ਦੱਸਿਆ ਕਿ ਵੱਡਾ ਬੇਟਾ ਦਲਜੀਤ ਸਿੰਘ (27) ਇੱਕ ਸਾਲ ਪਹਿਲਾਂ ਘਰੋਂ ਲਾਪਤਾ ਹੋ ਗਿਆ ਸੀ। ਉਨ੍ਹਾਂ ਨੇ ਧੂਰੀ ਥਾਣੇ ਨੂੰ ਇਸ ਦੀ ਰਿਪੋਰਟ ਕੀਤੀ ਸੀ। ਅੱਜ ਤੱਕ ਬੇਟੇ ਦਾ ਪਤਾ ਨਹੀਂ ਲੱਗਾ। 19 ਅਗਸਤ ਨੂੰ ਉਨ੍ਹਾਂ ਦੇ ਮੋਬਾਈਲ 'ਤੇ ਦੋਸ਼ੀ ਦਾ ਫੋਨ ਆਇਆ ਕਿ ਐੱਸ ਐੱਸ ਪੀ ਅੰਮ੍ਰਿਤਸਰ (ਦਿਹਾਤੀ) ਦੁੱਗਲ ਬੋਲ ਰਿਹਾ ਹਾਂ। ਦੋ ਲੱਖ ਰੁਪਏ ਉਨ੍ਹਾਂ ਦੇ ਖਾਤੇ ਵਿੱਚ ਜਮ੍ਹਾ ਕਰਵਾ ਦਿਓ। ਇਸ 'ਤੇ ਸ਼ੱਕ ਹੋਇਆ ਅਤੇ ਪੈਸੇ ਜਮ੍ਹਾ ਨਹੀਂ ਕਰਾਏ। ਸ਼ਿਕਾਇਤ ਕਰਤਾ ਨੇ ਦੋਸ਼ੀ ਨੂੰ ਕਿਹਾ ਕਿ ਉਹ ਕੈਸ਼ ਲੈ ਕੇ ਅਟਾਰੀ ਆ ਜਾਏਗਾ। ਉਹ ਸ਼ਨੀਵਾਰ ਨੂੰ ਪੈਸੇ ਲੈ ਕੇ ਅਟਾਰੀ ਬਾਰਡਰ ਵੱਲ ਨਿਕਲ ਪਏ। ਦੋਸ਼ੀ ਨੇ ਫਿਰ ਫੋਨ ਕੀਤਾ ਕਿ ਉਹ ਜੰਡਿਆਲਾ ਗੁਰੂ ਨੇੜੇ ਰੁਕੇ, ਉਹ ਉਨ੍ਹਾਂ ਦੇ ਬੇਟੇ ਨੂੰ ਲੈ ਕੇ ਪਹੁੰਚ ਰਿਹਾ ਹੈ। ਕੁਝ ਦੇਰ ਬਾਅਦ ਦੋਸ਼ੀ ਪਹੁੰਚਿਆ, ਪਰ ਉਸ ਦੇ ਨਾਲ ਹਰਦੇਵ ਸਿੰਘ ਦਾ ਬੇਟਾ ਨਹੀਂ ਸੀ। ਦੋਸ਼ੀ ਨੇ ਪੈਸੇ ਲੈ ਕੇ ਉਥੋਂ ਨਿਕਲਣ ਦੀ ਕੋਸ਼ਿਸ਼ ਕੀਤੀ। ਸ਼ਿਕਾਇਤ ਕਰਤਾ ਨੇ ਰੌਲਾ ਪਾ ਕੇ ਲੋਕਾਂ ਨੂੰ ਇਕੱਠਾ ਕਰ ਲਿਆ ਅਤੇ ਪੁਲਸ ਨੂੰ ਸ਼ਿਕਾਇਤ ਵੀ ਦਿੱਤੀ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।



Paramjit Deol
Broker
CELL: 416-993-7378
7071 Airport Rd, Suit 201, Mississauga, ON




1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available


Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca


Your neighborhood broker, Call Paramjit Deol Today

MISSISSAUGA $975

Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000
Photo Not Available
27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...


SOUTH DUNDAS $3,000

23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.


MISSISSAUGA $59,000

1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000

Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000
Photo Not Available
1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple


HAMILTON $99,000
Photo Not Available
77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000

17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900

7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000
Photo Not Available
470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000

23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000


5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000

693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000

7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000

32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019


# ਪਾਕਿਸਤਾਨੀ ਰਾਸ਼ਟਰਪਤੀ ਫੇਕ ਵੀਡੀਓ ਸ਼ੇਅਰ ਕਰ ਕੇ ਫਸਿਆ, ਟਵਿੱਟਰ ਵਲੋਂ ਨੋਟਿਸ

ਇਸਲਾਮਾਬਾਦ, 26 ਅਗਸਤ, (ਪੋਸਟ ਬਿਊਰੋ)- ਪਾਕਿਸਤਾਨੀ ਰਾਸ਼ਟਰਪਤੀ ਡਾਕਟਰ ਆਰਿਫ ਅਲਵੀ ਜੰਮੂ ਕਸ਼ਮੀਰ ਦੇ ਹਾਲਾਤ ਬਾਰੇ ਫੇਕ ਵੀਡੀਓ ਟਵੀਟ ਕਰਕੇ ਫਸ ਗਏ ਹਨ। ਟਵਿੱਟਰ ਕੰਪਨੀ ਨੇ ਰਾਸ਼ਟਰਪਤੀ ਨੂੰ ਨੋਟਿਸ ਭੇਜ ਦਿੱਤਾ ਹੈ। ਇਸ ਤੋਂ ਬਾਅਦ ਪਾਕਿਸਤਾਨੀ ਮੰਤਰੀ ਕਹਿੰਦੇ ਹਨ ਕਿ ਟਵਿੱਟਰ ਵੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਏਜੰਡ-ਅੱਗੇ ਵਧਾਉਣਲੱਗਾ ਹੋਇਆ ਹੈ। ਪਾਕਿਸਤਾਨੀ ਮੀਡੀਆ ਨੇ ਇਸ ਦੀ ਜਾਣਕਾਰੀ ਦਿੱਤੀ ਹੈ।

ਅਸਲ ਵਿੱਚ ਪੰਜ ਅਗਸਤ ਨੂੰ ਜਦੋਂ ਭਾਰਤ ਸਰਕਾਰ ਨੇ ਜੰਮੂ-ਕਸ਼ਮੀਰ ਤੋਂ ਧਾਰਾ 370 ਨੂੰ ਹਟਾਉਣ ਦਾ ਫੈਸਲਾ ਲਿਆ ਤਾਂ ਉਸ ਤੋਂ ਬਾਅਦ ਟਵਿੱਟਰ ਨੇ ਫੇਕ ਟਵੀਟ ਕਰਨ ਵਾਲਿਆਂ ਦੇ ਖਿਲਾਫ ਐਕਸ਼ਨ ਲਿਆ ਸੀ। ਪਾਕਿਸਤਾਨ ਦੀ ਮਨੁੱਖੀ ਅਧਿਕਾਰ ਮੰਤਰੀ ਸ਼ਿਰੀਨ ਮਾਜਰੀ ਨੇ ਇਸ ਬਾਰੇ ਟਵੀਟ ਕੀਤਾ ਕਿ ਟਵਿੱਟਰ ਵੀ ਅਸਲ ਵਿੱਚ ਮੋਦੀ ਸਰਕਾਰ ਦੇ ਪੱਖ ਦੀ ਗੱਲ ਕਰਦਾ ਹੈ ਅਤੇਸਾਡੇ ਰਾਸ਼ਟਰਪਤੀ ਨੂੰ ਨੋਟਿਸ ਭੇਜਿਆ ਹੈ, ਇਹ ਬਹੁਤ ਬੁਰਾ ਅਤੇ ਬੇਤੁੱਕਾ ਹੈ। ਟਵਿੱਟਰ ਵਲੋਂ ਭੇਜਿਆਈਮੇਲ ਮਾਜਰੀ ਨੇ ਟਵਿੱਟਰ ਉੱਤੇਸ਼ੇਅਰ ਕੀਤਾ ਹੈ। ਰਾਸ਼ਟਰਪਤੀ ਅਲਵੀ ਨੇ 24 ਅਗਸਤ ਨੂੰਵਿਦੇਸ਼ੀ ਮੀਡੀਆ ਵੱਲੋਂ ਜਾਰੀਵੀਡੀਓ ਸ਼ੇਅਰ ਕੀਤੀ ਸੀ। ਇਸ ਨੂੰ ਅਲਵੀ ਨੇ ਸ਼੍ਰੀਨਗਰ ਵਿੱਚਚੱਲਦਾ ਵਿਰੋਧ ਪ੍ਰਦਰਸ਼ਨ ਕਰਾਰ ਦਿੱਤਾ ਸੀ। ਐਤਵਾਰ ਨੂੰ ਇਮਰਾਨ ਸਰਕਾਰਦੇ ਸੂਚਨਾ ਮੰਤਰੀ ਮੁਰਾਦ ਸਈਦ ਨੇ ਵੀ ਦੱਸਿਆ ਕਿ ਉਨ੍ਹਾਂ ਨੂੰ ਟਵਿੱਟਰਨੇ ਨੋਟਿਸ ਭੇਜਿਆ ਹੈ, ਜਿਸ ਵਿੱਚ ਭਾਰਤੀ ਕਾਨੂੰਨਾਂ ਦੇ ਉਲੰਘਣ ਦਾ ਹਵਾਲਾ ਦਿੱਤਾ

### * 200 ਫੇਕ ਪਾਕਿਸਤਾਨੀ ਖਾਤਿਆਂ ਉੱਤੇ ਟਵਿੱਟਰ ਦਾ ਐਕਸ਼ਨ

ਗਿਆ ਹੈ। ਪਾਕਿਸਤਾਨਦੇ ਕਈ ਸੋਸ਼ਲ ਮੀਡੀਆ ਖਾਤੇ ਬੰਦ ਕੀਤੇ ਗਏ ਹਨ, ਜੋ ਕਸ਼ਮੀਰ ਨਾਲ ਜੁੜੀਆਂ ਫੇਕ ਖ਼ਬਰਾਂ ਸ਼ੇਅਰ ਕਰ ਰਹੇ ਹਨ। ਟਵਿੱਟਰ ਦੀ ਜਾਂਚ ਵਿੱਚ ਪੰਜ ਅਗਸਤ ਪਿੱਛੋਂ 200 ਪਾਕਿਸਤਾਨੀ ਖਾਤੇ ਸਸਪੈਂਡ ਕੀਤੇ ਗਏ ਹਨ। ਪਾਕਿ-ਸਤਾਨ ਦੀ ਫੌਜ ਦੇ ਮੀਡੀਆ ਵਿੰਗ ਆਈ ਐੱਸ ਪੀ ਆਰ ਦੇ ਮੇਜਰ ਜਨਰਲ ਆਸਿਫ ਗਫੂਰ ਦਾ ਕਹਿਣਾ ਹੈ ਕਿ ਇਸ ਨੂੰ ਅਥਾਰਟੀ ਨੇ ਗੰਭੀਰਤਾ ਨਾਲ ਲਿਆ ਹੈ ਤੇ ਇਸ ਪਿੱਛੇ ਭਾਰਤ ਦਾ ਹੱਥ ਹੈ।

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਅਲਵੀ ਨੇ ਇਸ ਤੋਂ ਪਹਿਲਾਂ ਭਾਰਤ ਨੂੰ ਕਸ਼ਮੀਰ ਮੁੱਦੇ ਉੱਤੇ ਜੰਗ ਦੀ ਧਮਕੀ ਦਿੱਤੀ ਤੇ ਕਿਹਾ ਸੀ ਕਿ ਭਾਰਤ ਅੱਗ ਨਾਲ ਖੇਡ ਰਿਹਾ ਹੈ। ਇਸ ਦੇ ਨਾਲ ਅਲਵੀ ਨੇ ਇਹ ਦੋਸ਼ ਲਾਇਆ ਕਿ ਭਾਰਤ ਨੇ ਪਾਕਿਸਤਾਨ ਨਾਲ ਕਸ਼ਮੀਰ ਮਸਲੇ ਦਾ ਹੱਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾ ਇਹ ਵੀ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਕਸ਼ਮੀਰ ਮੁੱਦੇ ਨੂੰ ਹਰ ਅੰਤਰਰਾਸ਼ਟਰੀ ਮੰਚ ਉੱਤੇ ਚੁੱਕਣਗੇ। ਅਲਵੀ ਨੇ ਪੁਲਵਾਮਾ ਹਮਲੇ ਨੂੰ ਭਾਰਤ ਦੀ ਸਾਜ਼ਿਸ਼ ਦੱਸਿਆ ਤੇ ਕਿਹਾ ਕਿ ਭਾਰਤ ਪਾਕਿਸਤਾਨ ਨੂੰ ਬਦਨਾਮ ਕਰਨ ਲਈ ਇਹ ਕੁਝ ਕਰ ਸਕਦਾ ਹੈ। ਉਨ੍ਹਾਂ ਕਿਹਾ ਸੀ ਕਿ ਭਾਰਤ ਜੰਗ ਦੀ ਸ਼ੁਰੂਆਤ ਕਰੇਗਾ ਤਾਂ ਪਾਕਿਸਤਾਨ ਵੀ ਚੁੱਪ ਨਹੀਂ ਰਹੇਗਾ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com





**ਰੌਕਗਾਰਡਨ ਵਲੰਟੀਅਰਜ਼ ਐਸੋਸੀਏਸ਼ਨ ਨੇ ਤੀਆਂ ਦਾ ਮੇਲਾ ਲਾਇਆ:** ਬੀਤੇ ਐਤਵਾਰ ਕੈਸਲਮੋਰ ਵਿਚ ਗੁਰਮੇਲ ਸਿੰਘ ਸੱਗੂ ਦੀ ਅਗਵਾਈ ਚ ਪੰਜਵਾਂ ਮੇਲਾ ਲਾਇਆ ਗਿਆ। ਬੀਬੀਆਂ, ਮੁਟਿਆਰਾਂ ਅਤੇ ਬੱਚੀਆਂ ਨੇ ਰੰਗ ਬਰੰਗੀਆਂ ਪੁਸ਼ਾਕਾਂ ਪਾਕੇ ਹਿੱਸਾ ਲਿਆ। ਹਵਾਨਾ ਪਾਰਕ ਵਿਚ ਡੀਜੇ ਮਿਊਜ਼ਿਕ ਅਤੇ ਸਾਊਂਡ ਦਾ ਪ੍ਰਬੰਧ ਕਸ਼ਮੀਰਾ ਸਿੰਘ ਦਿਉਲ ਵੱਲੋਂ ਕੀਤਾ ਗਿਆ। ਇਸ ਮੌਕੇ ਮੁਟਿਆਰਾਂ ਨੇ ਗਿੱਧੇ ਦਾ ਖੂਬ ਰੰਗ ਬੰਨ੍ਹਿਆ। ਇਸ ਦੌਰਾਨ ਡੌਲੀ, ਡੀਗਰਾਂ, ਕਿਰਨਦੀਪ ਕੈਂਥ, ਬਲਵਿੰਦਰ ਧਾਲੀਵਾਲ, ਹਰਭਜਨ ਭੱਗੂ ਤੇ ਕੈਸਲਮੋਰ ਸੀਨੀਅਰ ਕਲੱਬ ਨੇ ਭਰਪੂਰ ਸਹਿਯੋਗ ਦਿੱਤਾ।





**ਮਾਲਟਨ-ਵੈਸਟਨ ਫੂਡ ਸਟਾਰ ਕਲਨਰੀ ਬੇਕਰੀ ਦੀਆਂ ਕਰਮਚਾਰੀ ਬੀਬੀਆਂ ਦਾ ਤੀਆਂ ਦਾ ਮੇਲਾ:** ਮਾਲਟਨ-ਵੈਸਟਨ ਫੂਡ ਸਟਾਰ ਕਲਨਰੀ ਬੇਕਰੀ ਦੀਆਂ ਕਰਮਚਾਰੀ ਬੀਬੀਆਂ ਨੇ ਦਿਨ ਸ਼ਨੀਵਾਰ 24 ਅਗਸਤ ਨੂੰ ਮਾਲਟਨ ਦੇ ਵਾਈਲਡ ਵੁਡ ਪਾਰਕ ਵਿਖੇ ਇੱਕ ਯਾਦਗਾਰੀ ਤੀਆਂ ਦੇ ਮੇਲੇ ਦਾ ਆਯੋਜਨ ਕੀਤਾ। ਇਸ ਮਿਲਣੀ ਵਿੱਚ ਹਰ ਕਮਿਊਨਿਟੀ ਦੀਆਂ ਬੀਬੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਖਾਣਪੀਣ ਦੇ ਖੁੱਲ੍ਹੇ ਪ੍ਰਬੰਧ ਦੇ ਨਾਲ ਮਨੋਰੰਜਨ ਲਈ ਬੋਲੀਆਂ ਗਿੱਧਾ ਅਤੇ ਹਾਸੇ ਤਮਾਸ਼ੇ ਨਾਲ ਮੌਜ ਮਸਤੀ ਦਾ ਮਾਹੌਲ ਸਿਰਜਿਆ ਗਿਆ। ਇਸ ਮਿਲਣੀ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਸਮਾਗਮ ਵਿੱਚ ਕੰਮ ਛੱਡ ਚੁੱਕੀਆਂ ਬੀਬੀਆਂ ਨੂੰ ਵੀ ਸੱਦਿਆ ਗਿਆ ਜਿਸ ਨਾਲ ਪੁਰਾਣੇ ਸਾਥੀਆਂ ਦਾ ਮੇਲ ਮਿਲਾਪ ਹੋ ਸਕਿਆ। ਇਸ ਨਿਵੇਕਲੇ ਗੈਟ ਟੂ ਗੈਦਰ ਦਾ ਪ੍ਰਬੰਧ ਖਾਸ ਤੌਰ 'ਤੇ ਜਿਨ੍ਹਾਂ ਬੀਬੀਆਂ ਸਿਰੇ ਚੜ੍ਹਾਇਆ, ਇਹ ਸਨ ਅਮਰਜੀਤ ਗਿੱਲ, ਦਰਸ਼ਨ ਕੌਰ, ਸਵਿਤਰੀ ਦੇਵੀ, ਦਵਿੰਦਰ ਕੌਰ, ਚਰਨਜੀਤ ਕੌਰ, ਇਵਾ ਅਤੇ ਸੁੱਖੀ ਆਦਿ। ਸਭ ਨੇ ਭਰਪੂਰ ਅਨੰਦ ਮਾਨਣ ਦੇ ਨਾਲ ਵਿਦੇਸ਼ੀ ਧਰਤੀ 'ਤੇ ਆਪਣੇ ਵਿਰਸੇ ਨੂੰ ਰੂਪਮਾਨ ਕੀਤਾ।

# ਵੋਮੈਨ ਕੇਅਰ ਟ੍ਰਸਟ ਨਿਊਜ਼ੀਲੈਂਡ 'ਲੇਡੀਜ਼ ਕਲਚਰਲ ਨਾਈਟ' 'ਚ ਪਹੁੰਚੀਆਂ ਬੀਬੀਆਂ ਨੇ ਪਾਈਆਂ ਧਮਾਲਾਂ

ਔਕਲੈਂਡ, 24 ਅਗਸਤ (ਹਰਜਿੰਦਰ ਸਿੰਘ ਬਸਿਆਲਾ): 'ਵੋਮੈਨ ਕੇਅਰ ਟ੍ਰਸਟ' ਵੱਲੋਂ ਅੱਜ ਵੋਡਾਫੋਨ ਈਵੈਂਟ ਸੈਂਟਰ ਵਿਖੇ ਮਹਿਲਾ ਸਭਿਆਚਾਰਕ ਸ਼ਾਮ (ਲੇਡੀਜ਼ ਕਲਚਰਲ ਨਾਈਟ) ਦਾ ਆਯੋਜਨ ਸਫਲਤਾ ਨਾਲ ਕੀਤਾ ਗਿਆ। ਇਸ ਸ਼ਾਮ ਦੇ ਲਈ ਭਾਰਤੀ ਮਹਿਲਾਵਾਂ ਖਾਸ ਕਰ ਪੰਜਾਬੀ ਮਹਿਲਾਵਾਂ ਦੇ ਵਿਚ ਐਨਾ ਚਾਅ ਸੀ ਕਿ ਟਿਕਟਾਂ ਦੀ ਕੁਝ ਦਿਨ ਪਹਿਲਾਂ ਹੀ ਸੋਲਡ ਆਊਟ ਹੋ ਗਈਆਂ ਸਨ। 2400 ਤੋਂ ਵੱਧ ਵਾਲੇ ਇਸ ਈਵੈਂਟ ਸੈਂਟਰ ਦੇ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਸਭਿਆਚਾਰਕ ਸ਼ਾਮ ਦੀ ਪ੍ਰਬੰਧਕ ਸ੍ਰੀਮਤੀ ਬਲਜੀਤ ਕੌਰ ਢੇਲ ਅਤੇ ਸੋਨੀ ਢੇਲ ਦੇ ਵਧੀਆ ਪ੍ਰਬੰਧ ਸਨ ਅਤੇ ਸੁਰਖਿਆ ਦਾ ਇੰਤਜ਼ਾਮ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਰਪਿਤ ਸ਼ਬਦ ਵੋਮੈਨ ਕੇਅਰ ਟ੍ਰਸਟ ਦੀਆਂ ਮੈਂਬਰਾਂ ਨੇ ਗਾਇਨ ਕੀਤੇ। ਸਟੇਜ ਸੰਚਾਲਨ ਗਗਨਦੀਪ ਕੌਰ ਤੇ ਜੈਸੀ ਸੰਭਾਲਦਿਆਂ ਵੋਮੈਨ ਕੇਅਰ ਟ੍ਰਸਟ ਦੇ ਬੱਚਿਆਂ ਦੇ ਭੰਗੜੇ ਤੋਂ ਸਭਿਆਚਾਰਕ ਸ਼ਾਮ ਦੀ ਆਰੰਭਤਾ ਕੀਤੀ ਗਈ। ਇਸ ਤੋਂ ਬਾਅਦ ਭੰਗੜਾ ਦੀਵਾਜ, ਸਾਂਝ ਗਰੁੱਪ ਦੇ ਬੱਚਿਆਂ ਦਾ ਭੰਗੜਾ ਤੇ ਵੋਮੇਨ ਕੇਅਰ ਟ੍ਰਸਟ ਦੀ ਦੂਜੀ ਟੀਮ ਨੇ ਪਰਫਾਰਮ ਕੀਤਾ। ਐਂਕਰ ਲਵਲੀਨ ਨਿੱਜਰ ਨੇ ਵੀ ਸੰਟੇਜ ਸੰਚਾਲਨ ਦੇ ਵਿਚ ਸਹਿਯੋਗ ਕਰਦਿਆਂ ਵੱਖ-ਵੱਖ ਟੀਮਾਂ ਨੂੰ ਪੇਸ਼ ਕੀਤਾ ਅਤੇ ਲੱਕੀ ਡ੍ਰਾਅ ਕੱਢੇ। ਇਸ ਉਪਰੰਤ ਬਾਲੀਵੁੱਡ





ਡਾਂਸ, ਵਿਰਸਾ ਅਕੈਡਮੀ ਦਾ ਭੰਗੜਾ, ਵਿਰਸੇ ਦੀਆਂ ਸ਼ੌਕੀਨ ਮੁਟਿਆਰਾਂ, ਬੈਲੀ ਡਾਂਸ ਟ੍ਰਾਈਬਲ ਬੈਲੀ, ਯੁੰਬਾ, ਸਾਂਬਾ ਤੇ ਅਖੀਰ ਵਿਚ ਡੀ. ਜੇ ਉਤੇ ਖੂਬ ਨੱਚਿਆ ਗਿਆ। ਬੀਬੀਆਂ ਐਨੀ ਜ਼ਿੰਦਾਦਲ ਨਜ਼ਰ ਆਈਆਂ ਕਿ ਉਨ੍ਹਾਂ ਦੇ ਸਾਰੇ ਦੁੱਖ ਉਡ ਗਏ ਅਤੇ ਉਨ੍ਹਾਂ ਨੂੰ ਕੋਈ ਵੀ ਯਾਦ ਨਾ ਰਿਹਾ ਅਤੇ ਸਭਿਆਚਾਰਕ ਸ਼ਾਮ ਦਾ ਖੂਬ ਅਨੰਦ ਮਾਣਿਆ। ਸਮਾਗਮ ਦੌਰਾਨ ਸਪਾਂਸਰਜ਼ ਦਾ ਸਨਮਾਨ ਬੀਬੀ ਬਲਬੀਰ ਕੌਰ ਢੇਲ, ਬਲਜੀਤ ਕੌਰ ਢੇਲ ਅਤੇ ਸੋਨੀ ਢੇਲ ਵੱਲੋਂ ਕੀਤਾ ਗਿਆ। ਦਿਸ਼ੀ ਢੇਲ ਅਤੇ ਡੀ.ਡੀ.




ਐਲ. ਹੋਮਜ ਵੱਲੋਂ ਮਾਤਾ ਗੁਜਰੀ ਸਹਾਰਾ ਟ੍ਰਸਟ ਤੋਂ ਪਹੁੰਚੇ ਮਾਤਾ ਸੋਹਨਜੀਤ ਕੌਰ ਨੂੰ 1000 ਡਾਲਰ ਦੀ ਦਾਨ ਰਾਸ਼ੀ ਦੇ ਨਿਵਾਜਿਆ ਗਿਆ ਜੋ ਕਿ ਬੇਆਸਰਿਆਂ ਵਾਸਤੇ ਸਕੂਲ ਦੀ ਚਲਾਉਂਦੇ ਹਨ। ਇਸ ਤੋਂ ਇਲਾਵਾ 1000 ਡਾਲਰ ਪੰਜਾਬ ਦੇ ਹੜ੍ਹ ਪੀੜਤਾਂ ਲਈ ਵੀ ਡੀ.ਡੀ. ਐਲ. ਵੱਲੋਂ ਦਿੱਤਾ ਗਿਆ। ਪ੍ਰੋਗਰਾਮ ਦੇ ਅੰਤ ਵਿਚ ਡੀ. ਜੇ ਦੇ ਉਤੇ ਸਾਰੀਆਂ ਮਹਿਲਾਵਂ ਨੇ ਖੂਬ ਨੱਚ ਕੇ ਖੁਸ਼ੀ ਮਨਾਈ। ਵੋਮੈਨ ਕੇਅਰ ਟ੍ਰਸਟ ਵੱਲੋਂ ਸਾਰੀਆਂ ਟੀਮਾਂ, ਸਪਾਂਸਰਜ਼, ਮੀਡੀਆ ਅਤੇ ਹੋਰ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ ਗਿਆ। ਅੰਤ ਇਹ 'ਲੇਡੀਜ਼ ਕਲਚਰਲ ਨਾਈਟ' ਇਕ ਯਾਦਗਾਰੀ ਨਾਈਟ ਵੱਜੋਂ ਮਹਿਲਾਵਾਂ ਦੇ ਵਿਚ ਯਾਦ ਕੀਤੀ ਜਾਂਦੀ ਰਹੇਗੀ।


ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# Letter to the Editor

## A new Conservative government will make maternity benefits tax-free

Dear Editor,

Many Canadian families spend over $10,000 or more on their babies' first year. Surprised by how quickly the costs add up – diapers, car seat, crib, and toys – new parents are often confronted with a tough reality.

To make sure that parents can enjoy taking care of their newborn, and less time worrying about thebottom line, as Prime Minister Andrew Scheer and a new Conservative government will make maternity benefits tax-free. On August 20, at a Toronto-are childcare centre, Andrew Scheer spoke about he would remove the federal income tax from employment insurance (EI) maternity and paternal benefits. This means a Canadian whose salary is $50,000 would receive about $4,000 back from the government.

Life is expensive enough already without the government costing you more. Justin Trudeau said he would help the middle class, but the last four years show that he is not as advertised. He raised taxes on 80 per cent of middle-class families and brought in a carbon tax that makes everyday essentials more expensive. Andrew Scheer has a plan to help young families get ahead and keep more of their hard-earned money.

Sincerely,

Tom Varughese, CPC Candidate for Mississauga-Malton

# SCHEER TO MAKE MATERNITY BENEFITS TAX-FREE

### A new Conservative government will put $4000 back in the pockets of new parents

TORONTO, ON – The Hon. Andrew Scheer, the Leader of Canada's Conservatives, revealed that as Prime Minister, he would make maternity benefits tax-free.

"Having a child is an exciting milestone in any person's life, but it comes with added costs and pressures," said Scheer at his announcement on August 20 at the Toronto child-care centre Kids Fun Town. "Across Canada, young parents are under pressure and worried about their future. They are looking for help and Justin Trudeau has proven that he cannot be trusted to deliver it."

As Prime Minister, Andrew Scheer will remove federal income tax from employment insurance (EI) maternity and EI paternal benefits by providing a non-refundable tax credit of 15 per cent for any income earned under these two programs."The benefit to a Canadian with a salary of $50,000 would be approximately $4,000," said Tom Varughese. "Parents should be able to enjoy the first months with their newborn and not worry about their bank accounts or the bottom line." Andrew Scheer and Canada's Conservatives have a plan for you and your family to get ahead: lowering your taxes, living within our means, and putting more money in your pockets.

FACTS:

• In 2018, the Liberals and the NDP cost Canadian parents hundreds of millions of dollars in savings when they voted against a Conservative bill that would have brought immediate tax relief to families.

• All Canadian families will be eligible for this new benefit.

• A new Conservative government will provide a tax credit of an equivalent amount for residents of Quebec who receive benefits under the Quebec Parental Insurance Plan (QPIP).

ਕੈਨੇਡੀਅਨ ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind.  Thank you.

# ਜੀ-7 ਸਿਖਰ ਵਾਰਤਾ ਦੌਰਾਨ ਟਰੂਡੋ ਤੇ ਟਰੰਪ ਨੇ ਕੀਤੀ ਵੱਖਰੀ ਮੁਲਾਕਾਤ

...ਪੰਨਾ 1 ਦਾ ਬਾਕੀ

ਉਨ੍ਹਾਂ ਜੂਨ ਵਿਚ ਟੋਰਾਂਟੋ ਰੈਪਟਰਜ਼ ਵੱਲੋਂ ਐਨਬੀਏ ਚੈਂਪਿਅਨਸ਼ਿੱਪ ਜਿੱਤਣ ਉੱਤੇ ਟਰੂਡੋ ਨੂੰ ਹੁਣ ਵਧਾਈ ਦਿੱਤੀ। ਮੀਟਿੰਗ ਤੋਂ ਪਹਿਲਾਂ ਦੋਵਾਂ ਆਗੂਆਂ ਨੇ ਫੋਟੋ ਖਿਚਵਾਈ ਤੇ ਨਵੀਂ ਨੌਰਥ ਅਮੈਰੀਕਨ ਟਰੇਡ ਡੀਲ ਬਾਰੇ ਗੱਲਬਾਤ ਕੀਤੀ। ਟਰੂਡੋ ਨੇ ਆਖਿਆ ਕਿ ਕਈ ਲੋਕ ਟਰੇਡ ਡੀਲਜ਼ ਕਰਨੀ ਚਾਹੁੰਦੇ ਹਨ ਤੇ ਸਾਡੇ ਕੋਲ ਅਜਿਹੀ ਡੀਲ ਹੈ ਜਿਹੜੀ ਲੱਗਭਗ ਸਿਰੇ ਚੜ੍ਹ ਚੁੱਕੀ ਹੈ ਤੇ ਜਿਹੜੀ ਸਾਡੇ ਵਰਕਰਜ਼, ਸਾਡੇ ਨਾਗਰਿਕਾਂ ਤੇ ਮੱਧ ਵਰਗ ਲਈ ਕਾਫੀ ਵਧੀਆ ਹੈ।

ਅਜੇ ਤੱਕ ਸਿਰਫ ਮੈਕਸਿਕੋ ਵੱਲੋਂ ਹੀ ਰਸਮੀ ਤੌਰ ਉੱਤੇ ਇਸ ਤਿੱਪਖੀ ਡੀਲ ਉੱਤੇ ਦਸਤਖ਼ਤ ਕੀਤੇ ਗਏ ਹਨ। ਟਰੰਪ ਵੱਲੋਂ ਵੀ ਇਹ ਆਸ ਪ੍ਰਗਟਾਈ ਗਈ ਹੈ ਕਿ ਇਹ ਡੀਲ ਜਲਦ ਹੀ ਸਿਰੇ ਚੜ੍ਹ ਸਕਦੀ ਹੈ। ਪਰ ਇਸ ਦੌਰਾਨ ਸੱਤ ਦੇਸ਼ਾਂ ਦੇ ਆਗੂਆਂ ਵੱਲੋਂ ਦਰਸਾਈਆਂ ਗਈਆਂ ਚਿੰਤਾਵਾਂ ਵੱਲ ਟਰੰਪ ਨੇ ਕੋਈ ਬਹੁਤਾ ਧਿਆਨ ਨਹੀਂ ਦਿੱਤਾ।

# ਪ੍ਰੈਸ ਕੌਂਸਲ ਵੱਲੋਂ ਮੀਡੀਆ ਖਿਲਾਫ ਪਾਬੰਦੀਆਂ ਦਾ ਪੱਖ ਪੂਰਨ ਦਾ ਤਿੱਖਾ ਵਿਰੋਧ

ਦਿੱਲੀ, 26 ਅਗਸਤ (ਪੋਸਟ ਬਿਊਰੋ)- ਇੰਡੀਅਨ ਜਰਨਲਿਸਟਸ ਯੂਨੀਅਨ ਅਤੇ ਪ੍ਰੈਸ ਕੌਂਸਲ ਦੇ ਤਿੰਨ ਮੈਂਬਰਾਂ ਨੇ ਭਾਰਤੀ ਪ੍ਰੈਸ ਕੌਂਸਲ ਦੇ ਚੇਅਰਮੈਨ ਜਸਟਿਸ ਸੀ ਕੇ ਪ੍ਰਸਾਦ ਵੱਲੋਂ ਜੰਮੂ ਕਸ਼ਮੀਰ ਵਿਚ ਮੀਡੀਆ 'ਤੇ ਲਾਈਆਂ ਪਾਬੰਦੀਆਂ ਦੇ ਹੱਕ ਵਿੱਚ ਖੜੋਣ ਦਾ ਸਖਤ ਵਿਰੋਧ ਕੀਤਾ ਹੈ।

ਵਰਨਣ ਯੋਗ ਹੈ ਕਿ ਕਸ਼ਮੀਰ ਟਾਈਮਜ਼ ਅਖਬਾਰ ਨੇ ਜੰਮੂ ਕਸ਼ਮੀਰ ਵਿੱਚ ਕੇਂਦਰ ਸਰਕਾਰ ਵੱਲੋਂ ਮੀਡੀਆ ਉਤੇ ਲਾਈਆਂ ਪਾਬੰਦੀਆਂ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਵੀ ਕੀਤੀ ਸੀ ਤੇ ਭਾਰਤੀ ਪ੍ਰੈਸ ਕੌਂਸਲ ਨੇ ਪ੍ਰੈਸ ਦੀ ਆਜ਼ਾਦੀ ਦੇ ਅਧਿਕਾਰ ਖਿਲਾਫ ਜਾਂਦੇ ਹੋਏ ਦੇਸ਼ ਦੀ 'ਏਕਤਾ ਤੇ ਅਖੰਡਤਾ' ਦਾ ਤਰਕ ਦਿੰਦਿਆਂ ਐਫੀਡੇਵਿਟ ਪੇਸ਼ ਕੀਤਾ ਹੈ, ਜਿਸ ਵਿੱਚ ਪਾਬੰਦੀਆਂ ਨੂੰ ਜਾਇਜ਼ ਠਹਿਰਾਇਆ ਗਿਆ ਸੀ। ਇੰਡੀਅਨ ਜਰਨਲਿਸਟਸ ਯੂਨੀਅਨ ਦੇ ਪ੍ਰਧਾਨ ਡੀ ਅਮਰ ਅਤੇ ਪ੍ਰੈਸ ਕੌਂਸਲ ਦੇ ਮੈਂਬਰ ਅਤੇ ਜਨਰਲ ਸਕੱਤਰ ਸ਼ਬੀਨਾ ਇੰਦਰਜੀਤ, ਪ੍ਰੈਸ ਕੌਂਸਲ ਦੇ ਮੈਂਬਰ ਬਲਵਿੰਦਰ ਸਿੰਘ ਜੰਮੂ ਅਤੇ ਐਮ ਮਾਜਿਦ ਨੇ ਕਿਹਾ ਕਿ ਐਫੀਡੇਵਿਟ ਦੇਣ ਤੋਂ ਪਹਿਲਾਂ ਪ੍ਰੈਸ ਕੌਂਸਲ ਦੇ ਚੇਅਰਮੈਨ ਨੂੰ ਮੈਂਬਰਾਂ ਦੀ ਰਾਏ ਲੈਣੀ ਚਾਹੀਦੀ ਸੀ, ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਦੋ ਕੇਸਾਂ ਵਿੱਚ ਮੈਂਬਰਾਂ ਦੀ ਰਾਏ ਅੱਖੋਂ ਪਰੋਖੇ ਕੀਤੀ ਗਈ ਸੀ। ਉਨ੍ਹਾਂ ਮੰਗ ਕੀਤੀ ਕਿ ਸੁਪਰੀਮ ਕੋਰਟ ਵਿੱਚ ਦਿੱਤਾ ਐਫੀਡੇਵਿਟ ਵਾਪਸ ਲਿਆ ਜਾਵੇ ਅਤੇ ਉਸ ਬਦਲੇ ਨਵਾਂ ਐਫੀਡੇਵਿਟ ਦਿੱਤਾ ਜਾਵੇ, ਜਿਸ ਵਿੱਚ ਮੀਡੀਆ ਦੀ ਆਜ਼ਾਦੀ ਨੂੰ ਬਹਾਲ ਕਰਨ ਲਈ ਕਿਹਾ ਜਾਵੇ।

# ਜੀ-7 ਸਿਖਰ ਵਾਰਤਾ ਦੌਰਾਨ ਇਸ ਵਾਰੀ ਟਰੂਡੋ ਨੇ ਘੱਟ ਸੁਰਖੀਆਂ ਬਟੋਰੀਆਂ

...ਪੰਨਾ 1 ਦਾ ਬਾਕੀ

ਐਤਵਾਰ ਨੂੰ ਹੋਈ ਮੀਟਿੰਗ ਵਿੱਚ ਟਰੂਡੋ ਨੇ ਕੈਨੇਡਾ, ਅਮਰੀਕਾ ਤੇ ਮੈਕਸਿਕੋ ਦਰਮਿਆਨ ਨਵੇਂ ਫਰੀ ਟਰੇਡ ਅਗਰੀਮੈਂਟ, ਜਿਸ ਦੀ ਹਾਲ ਦੀ ਘੜੀ ਪੁਸ਼ਟੀ ਨਹੀਂ ਹੋਈ, ਦੀ ਸਿਫਤ ਕੀਤੀ। ਮੀਡੀਆ ਉੱਤੇ ਟਰੂਡੋ ਦੀ ਨਿਮਰ ਬਾਡੀ ਲੈਂਗੁਏਜ ਦੀ ਚਰਚਾ ਹੋਣ ਉੱਤੇ ਟਰੰਪ ਨੇ ਇਹ ਬਿਆਨ ਦਿੱਤਾ ਕਿ ਅਸਲ ਵਿੱਚ ਸਾਡੀ ਮੀਟਿੰਗ ਬਹੁਤ ਹੀ ਅਰਥਭਰਪੂਰ ਰਹੀ।

ਸਿਖਰ ਵਾਰਤਾ ਦੌਰਾਨ ਵੱਖਰੇ ਤੌਰ ਉੱਤੇ ਟਰੂਡੋ ਜਿੰਨੇ ਵੀ ਵਿਸ਼ਵ ਆਗੂਆਂ ਜਿਵੇਂ ਕਿ ਟਰੰਪ, ਯੂਕੇ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ, ਜਰਮਨ ਚਾਂਸਲਰ ਐਂਜੇਲਾ ਮਾਰਕਲ ਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੂੰ ਮਿਲੇ, ਉਨ੍ਹਾਂ ਵਪਾਰ, ਗਲੋਬਲ ਇਕਾਨਮੀ ਤੇ ਕਲਾਈਮੇਟ ਨਾਲ ਸਬੰਧਤ ਮੁੱਦੇ ਹੀ ਉਠਾਏ।

ਪੂਰੇ ਵੀਕੈਂਡ ਦੌਰਾਨ ਐਮੇਜ਼ੋਨ ਦੇ ਜੰਗਲਾਂ ਵਿੱਚ ਲੱਗੀ ਅੱਗ ਕਾਰਨ ਕਲਾਈਮੇਟ ਦਾ ਮੁੱਦਾ ਛਾਇਆ ਰਿਹਾ। ਮਦਦ ਲਈ ਕੈਨੇਡਾ ਵੱਲੋਂ 15 ਮਿਲੀਅਨ ਡਾਲਰ ਦੀ ਮਦਦ ਦੇਣ ਤੇ ਕੈਨੇਡੀਅਨ ਵਾਟਰ ਬਾਂਬਰਜ਼ ਦੀ ਵਰਤੋਂ ਦਾ ਵਾਅਦਾ ਕੀਤਾ ਗਿਆ। ਰੇਨਫੌਰੈਸਟ ਨੂੰ ਬਚਾਉਣ ਲਈ ਮੈਕਰੌਨ ਨੇ 20 ਮਿਲੀਅਨ ਅਮਰੀਕੀ ਡਾਲਰ ਦੇਣ ਦਾ ਐਲਾਨ ਕੀਤਾ। ਇਸ ਗੱਲ ਨੂੰ ਲੈ ਕੇ ਵੀ ਭੰਬਲਭੂਸਾ ਬਣਿਆ ਰਿਹਾ ਕਿ ਕੈਨੇਡਾ ਤੇ ਫਰਾਂਸ ਵੱਲੋਂ ਸਾਂਝੇ ਤੌਰ ਉੱਤੇ ਇਹ ਰਕਮ ਦਿੱਤੀ ਜਾਵੇਗੀ ਜਾਂ ਵੱਖੋ ਵੱਖ ਐਨੀ ਰਕਮ ਦਿੱਤੀ ਜਾਵੇਗੀ। ਪਿਛਲੀ ਵਾਰੀ ਨਾਲੋਂ ਇਸ ਵਾਰੀ ਵਿਸ਼ਵ ਆਗੂਆਂ ਦੀ ਸੁਰ ਇੱਕੋ ਜਿਹੀ ਰਹੀ। ਇਕੌਨਮੀ, ਇਰਾਨ ਤੇ ਹਾਂਗ ਕਾਂਗ ਤੋਂ ਇਲਾਵਾ ਕਈ ਗਲੋਬਲ ਮੁੱਦਿਆਂ ਦੇ ਸਬੰਧ ਵਿੱਚ ਇੱਕ ਸਫੇ ਦਾ ਸਾਂਝਾ ਬਿਆਨ ਦਿੱਤਾ ਗਿਆ। ਆਪਣੀ ਪ੍ਰੈੱਸ ਕਾਨਫਰੰਸ ਵਿੱਚ ਟਰੰਪ ਨੇ ਆਖਿਆ ਕਿ ਇਸ ਵਾਰੀ ਮੀਟਿੰਗ ਕਾਫੀ ਵਧੀਆ ਰਹੀ।

ਇਸ ਵਾਰੀ ਅਮਰੀਕਾ ਤੇ ਛੇ ਹੋਰਨਾਂ ਵਿਸ਼ਵ ਦੇ ਉੱਨਤ ਅਰਥਚਾਰਿਆਂ ਦਰਮਿਆਨ ਟਰੇਡ ਨੀਤੀ, ਰੂਸ, ਇਰਾਨ ਤੇ ਕਲਾਈਮੇਟ ਚੇਂਜ ਦੇ ਮੁੱਦੇ ਵਿਚਾਰੇ ਗਏ। ਕਲਾਈਮੇਟ ਸੈਸ਼ਨ ਵਿੱਚ ਟਰੰਪ ਨੇ ਹਿੱਸਾ ਨਹੀਂ ਲਿਆ। ਜ਼ਿਕਰਯੋਗ ਹੈ ਕਿ 2014 ਵਿੱਚ ਕ੍ਰਿਮੀਆ ਉੱਤੇ ਧੱਕੇ ਨਾਲ ਕਬਜਾ ਕਰਨ ਕਾਰਨ ਰੂਸ ਨੂੰ ਇਸ ਗਰੁੱਪ ਵਿੱਚੋਂ ਛੇਕ ਦਿੱਤਾ ਗਿਆ ਸੀ ਤੇ ਇਸ ਵਾਰੀ ਟਰੰਪ ਨੇ ਰੂਸ ਨੂੰ ਮੁੜ ਗਰੁੱਪ ਵਿੱਚ ਸ਼ਾਮਲ ਕਰਨ ਲਈ ਵੀ ਜ਼ੋਰ ਲਾਇਆ। ਇਸ ਉੱਤੇ ਟਰੂਡੋ ਨੇ ਆਖਿਆ ਕਿ ਅਜਿਹਾ ਨਹੀਂ ਹੋ ਸਕਦਾ।

# ਕਾਰਬਨ ਟੈਕਸ ਵਿੱਚ 50 ਡਾਲਰ ਪ੍ਰਤੀ ਟੰਨ ਤੱਕ ਇਜਾਫਾ ਹੋਣ ਤੋਂ ਮੈਕੇਨਾ ਨੇ ਕੀਤਾ ਇਨਕਾਰ


...ਪੰਨਾ 1 ਦਾ ਬਾਕੀ

ਉਨ੍ਹਾਂ ਇਹ ਸਵੀਕਾਰ ਕੀਤਾ ਹੈ ਕਿ ਜੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਦੁਬਾਰਾ ਚੁਣੀ ਜਾਂਦੀ ਹੈ ਤਾਂ ਕਾਰਬਨ ਟੈਕਸ ਪਹਿਲਾਂ ਨਾਲੋਂ ਜ਼ਿਆਦਾ ਹੋ ਸਕਦਾ ਹੈ। ਪੋਇਲੀਵਰ ਨੇ ਇਹ ਵੀ ਆਖਿਆ ਕਿ ਇਹ ਟਰੂਡੋ ਦੀ ਕ੍ਰੈਡਿਟ ਕਾਰਡ ਕੈਂਪੇਨ ਹੈ।

ਹੁਣ ਮੁੜ ਚੁਣੇ ਜਾਣ ਲਈ ਉਹ ਕਈ ਬਿਲੀਅਨ ਡਾਲਰ ਖਰਚ ਰਹੇ ਹਨ ਤੇ ਉਹ ਨੈਸ਼ਨਲ ਕ੍ਰੈਡਿਟ ਕਾਰਡ ਦੇ ਸਹਾਰੇ ਅਜਿਹਾ ਕਰ ਰਹੇ ਹਨ। ਚੋਣਾਂ ਤੋਂ ਬਾਅਦ ਜਦੋਂ ਟਰੂਡੋ ਨੂੰ ਵੋਟਾਂ ਦੀ ਲੋੜ ਨਹੀਂ ਰਹੇਗੀ ਤੇ ਪੈਸੇ ਦੀ ਲੋੜ ਹੋਵੇਗੀ ਤਾਂ ਉਹ ਬਿੱਲ ਕੈਨੇਡੀਅਨਾਂ ਨੂੰ ਭੇਜਣਗੇ।

ਪੋਇਲੀਵਰ ਨੇ ਆਖਿਆ ਕਿ ਕੰਜ਼ਰਵੇਟਿਵਾਂ ਨੇ ਜੂਨ ਵਿੱਚ ਆਪਣੇ 60 ਸਫਿਆਂ ਦੇ ਪਲੈਨ ਦਾ ਖੁਲਾਸਾ ਕੀਤਾ ਸੀ ਜਿਹੜਾ ਵਾਤਾਵਰਣ ਨੂੰ ਬਚਾਉਣ ਲਈ ਅਸਲ ਪਲੈਨ ਹੈ। ਉਨ੍ਹਾਂ ਆਖਿਆ ਕਿ ਹੀਟਿੰਗ ਉੱਤੇ ਐਚਐਸਟੀ ਹਟਾ ਕੇ ਤੇ ਕਾਰਬਨ ਟੈਕਸ ਰੱਦ ਕਰਕੇ ਕੈਨੇਡੀਅਨਾਂ ਨੂੰ ਅੱਗੇ ਵੱਧਣ ਵਿੱਚ ਮਦਦ ਕੀਤੀ ਜਾ ਸਕਦੀ ਹੈ। ਇਸ ਉੱਤੇ ਮੈਕੇਨਾ ਨੇ ਪੋਇਲੀਵਰ ਦੀ ਪ੍ਰੈੱਸ ਕਾਨਫਰੰਸ ਤੋਂ ਠੀਕ ਇੱਕ ਘੰਟੇ ਬਾਅਦ ਰੱਖੀ ਆਪਣੀ ਪ੍ਰੈੱਸ ਕਾਨਫਰੰਸ ਵਿੱਚ ਆਖਿਆ ਕਿ ਪੋਇਲੀਵਰ ਵੀ ਡੱਗ ਫੋਰਡ ਵਾਂਗ ਹਨ, ਜੋ ਕਿ ਐਂਡਰਿਊ ਸ਼ੀਅਰ ਵਰਗੇ ਹਨ, ਜਿਵੇਂ ਕਿ ਕੰਜ਼ਰਵੇਟਿਵਾਂ ਦੀ ਇਹ ਸਾਰੀ ਪੀੜ੍ਹੀ ਹੈ। ਇਨ੍ਹਾਂ ਵਿੱਚੋਂ ਕੋਈ ਨਹੀਂ ਸਮਝ ਰਿਹਾ ਕਿ ਸਾਨੂੰ ਕਲਾਈਮੇਟ ਚੇਂਜ ਉੱਤੇ ਕਾਰਵਾਈ ਕਰਨੀ ਹੋਵੇਗੀ।

# ਗੁਰਭਜਨ ਗਿੱਲ ਦੇ ਗ਼ਜ਼ਲ ਸੰਗ੍ਰਹਿ ਰਾਵੀ ਦਾ ਦੂਜਾ ਐਡੀਸ਼ਨ ਸੱਰੀ 'ਚ ਲੋਕ ਅਰਪਣ



ਸੱਰੀ, 26 ਅਗਸਤ (ਗੁਰਭਿੰਦਰ ਗੁਰੀ): ਵੈਨਕੂਵਰ ਵਿਚਾਰ ਮੰਚ ਵੱਲੋਂ ਪੰਜਾਬ ਭਵਨ ਸੱਰੀ(ਕੈਨੇਡਾ)ਦੇ ਸਾਂਝੇ ਉੱਦਮ ਨਾਲ ਗੁਰਭਜਨ ਗਿੱਲ ਦੇ ਪੰਜਵੇਂ ਗ਼ਜ਼ਲ ਸੰਗ੍ਰਹਿ 'ਰਾਵੀ' ਦਾ ਦੂਜਾ ਸੰਸਕਰਣ ਸਰੀ (ਕੈਨੇਡਾ) ਵਿਖੇ ਲੋਕ ਅਰਪਣ ਕੀਤਾ ਗਿਆ।

ਵੈਨਕੂਵਰ ਵਿਚਾਰ ਮੰਚ ਦੇ ਮੁੱਖ ਪ੍ਰਬੰਧਕ ਅੰਗਰੇਜ਼ ਸਿੰਘ ਬਰਾੜ ਨੇ ਸਮਾਗਮ ਦੀ ਸ਼ੁਰੂਆਤ ਚ ਆਏ ਲੇਖਕਾਂ ਤੇ ਮਹਿਮਾਨਾਂ ਦਾ ਸਵਾਗਤ ਕੀਤਾ।

ਪੰਜਾਬੀ ਕਵੀ ਤੇ ਗੁਰਭਜਨ ਗਿੱਲ ਦੇ ਸਹਿਪਾਠੀ ਮੋਹਨ ਗਿੱਲ( ਡੇਹਲੋਂ )ਨੇ ਲੇਖਕ ਤੇ ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਗੁਰਭਜਨ ਦੀ 14ਵੀਂ ਕਾਵਿ ਪੁਸਤਕ ਹੈ ਪਰ ਹਰ ਧੁਖਦਾ ਪਿੰਡ ਮੇਰਾ ਹੈ,ਮਨ ਦੇ ਬੂਹੇ ਬਾਰੀਆਂ, ਗੁਲਨਾਰ, ਮਿਰਗਾਵਲੀ ਤੋਂ ਬਾਦ ਰਾਵੀ ਪੰਜਵਾਂ ਗ਼ਜ਼ਲ ਸੰਗ੍ਰਹਿ ਹੈ। ਕਿਸੇ ਕਿਤਾਬ ਦਾ ਦੋ ਸਾਲਾਂ ਅੰਦਰ ਦੂਜਾ ਐਡੀਸ਼ਨ ਛਪਣਾ ਚੰਗੀ ਗੱਲ ਹੈ। ਇਸ ਨੂੰ ਸੰਗਮ ਪਬਲੀਕੇਸ਼ਨ ਤੋਂ ਬਾਦ ਹੁਣ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤਾ ਹੈ। ਵਰਨਣ ਯੋਗ ਗੱਲ ਇਹ ਹੈ ਕਿ ਇਸ ਕਿਤਾਬ ਦਾ ਪਹਿਲਾ ਐਡੀਸ਼ਨ ਵੀ 2017 ਚ ਪੰਜਾਬ ਭਵਨ ਦੀ ਪਹਿਲੀ ਵਰ੍ਹੇ ਗੰਢ ਵੇਲੇ ਸੁੱਖੀ ਬਾਠ, ਡਾ: ਸੁਰਜੀਤ ਪਾਤਰ, ਡਾ: ਵਰਿਆਮ ਸਿੰਘ ਸੰਧੂ, ਪ੍ਰਿੰ: ਸਰਵਣ ਸਿੰਘ , ਡਾ: ਰਘੁਬੀਰ ਸਿੰਘ ਸਿਰਜਣਾ ,ਡਾ: ਸਾਧੂ ਸਿੰਘ ,ਕਵਿੰਦਰ ਚਾਂਦ ਤੇ ਮੈਂ ਰਲ ਕੇ ਲੋਕ ਅਰਪਣ ਕੀਤਾ ਸੀ।

ਉਨ੍ਹਾਂ ਕਿਹਾ ਕਿ ਸਾਡੀ ਦੋਸਤੀ ਤੇ ਸਿਰਜਣਾ ਦਾ ਸਾਂਝਾ ਸਫ਼ਰ 45 ਸਾਲ ਪੁਰਾਣਾ ਹੈ। ਇਹ ਵੀ ਨਿਵੇਕਲੀ ਗੱਲ ਹੈ ਕਿ ਪੁਸਤਕ ਲੇਖਕ ਗੁਰਭਜਨ ਗਿੱਲ ਦੀ ਗੈਰਹਾਜ਼ਰੀ ਚ ਲੋਕ ਅਰਪਣ ਹੋ ਰਹੀ ਹੈ।

ਪੰਜਾਬੀ ਨਾਵਲਕਾਰ ਸ:ਜਰਨੈਲ ਸਿੰਘ ਸੇਖਾ ਨੇ ਬੋਲਦਿਆਂ ਕਿਹਾ ਕਿ ਰਾਵੀ ਦਾ ਲੇਖਕ ਗੁਰਭਜਨ ਗਿੱਲ ਸਿਰਫ਼ ਲੇਖਕ ਨਹੀਂ ਸਗੋਂ ਅੰਤਰ ਰਾਸ਼ਟਰੀ ਪੱਧਰ ਤੇ ਸਰਗਰਮ ਸਭਿਆਚਾਰਕ ਕਾਮਾ ਵੀ ਹੈ। ਪੰਜਾਬ ਭਵਨ ਤੇ ਇਸ ਅੰਦਰ ਸੁਰਗਵਾਸੀ ਲੇਖਕਾਂ ਦੀ ਸ਼ਾਨਦਾਰ ਦੀਵਾਰ ਉਸਾਰਨਾ ਵੀ ਉਸ ਦਾ ਹੀ ਸੁਪਨਾ ਸੀ ਜੋ ਪੰਜਾਬੋਂ ਬਾਹਰ ਪਹਿਲੀ ਵਾਰ ਸੱਰੀ ਦੇ ਉੱਘੇ ਦਾਨਵੀਰ ਸੁੱਖੀ ਬਾਠ ਨੇ ਪੂਰਾ ਕੀਤਾ ਹੈ।

ਰਾਵੀ ਦੀਆਂ ਗ਼ਜ਼ਲਾਂ ਚ ਪੰਜਾਬ ਜ਼ਬਾਨ ਪੱਖੋਂ ਜਿਉਂਦਾ ਜਾਗਦਾ ਧੜਕਦਾ ਮਹਿਸੂਸ ਹੁੰਦਾ ਹੈ। ਉਨ੍ਹਾਂ ਕਿਹਾ ਕਿ ਭਰੂਣ ਹੱਤਿਆ ਦੇ ਖ਼ਿਲਾਫ਼ 2002 ਚ ਲੋਰੀ ਵਰਗੀ ਸ਼ਕਤੀਸ਼ਾਲੀ ਕਵਿਤਾ ਲਿਖ ਕੇ ਪਹਿਲ ਕੀਤੀ।

ਉੱਘੇ ਚਿਤਰਕਾਰ ਜਰਨੈਲ ਸਿੰਘ ਆਰਟਿਸਟ ਨੇ ਕਿਹਾ ਕਿ 2010 ਤੋਂ 2014 ਤੀਕ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦਾ ਪ੍ਰਧਾਨ ਬਣ ਕੇ ਗਿੱਲ ਨੇ ਪੂਰੇ ਵਿਸ਼ਵ ਚ ਵੱਸਦੇ ਲੇਖਕਾਂ ਨੂੰ ਇਸ ਨਾਲ ਜੋੜਿਆ। ਕਲਾ ਸਾਹਿੱਤ ਤੇ ਸਭਿਆਚਾਰ ਦੇ ਸਰਗਰਮ ਸੇਵਕ ਵਜੋਂ ਗੁਰਭਜਨ ਗਿੱਲ ਨੇ ਮੇਰੇ ਸਮੇਤ ਬਹੁਤ ਕਲਾਕਾਰਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਪਛਾਨਣ ਯੋਗ ਬਣਾਇਆ।


ਪੰਜਾਬੀ ਗ਼ਜ਼ਲਗੋ ਕਵਿੰਦਰ ਚਾਂਦ ਨੇ ਪੰਜਾਬੀ ਗ਼ਜ਼ਲ ਦੇ ਹਵਾਲੇ ਨਾਲ ਕਈ ਮੁੱਲਵਾਨ ਟਿਪਣੀਆਂ ਕੀਤੀਆਂ। ਕਹਾਣੀਕਾਰ ਪਰਵੇਜ਼ ਸੰਧੂ ਨੇ ਕਿਹਾ ਕਿ ਗੁਰਭਜਨ ਗਿੱਲ ਸਿਰਫ਼ ਲੇਖਕ ਨਹੀਂ ਸਗੋਂ ਮੇਰੇ ਵਰਗੇ ਕਈ ਲੇਖਕਾਂ ਲਈ ਪ੍ਰੇਰਕ ਸ਼ਕਤੀ ਵੀ ਹਨ। ਮੂਲ ਰੂਪ ਚ ਪੰਜਾਬਣ ਤੇ ਇਸ ਵੇਲੇ ਬਰਿ-ਟਿਸ਼ ਕੋਲੰਬੀਆ ਦੀ ਮੰਤਰੀ ਸ਼੍ਰੀਮਤੀ ਜਿੰਨੀ ਸਿਮਜ਼ ਨੇ ਵੀ ਲੇਖਕ ਗੁਰਭਜਨ ਗਿੱਲ ਨੂੰ ਮੁਬਾਰਕ ਭੇਜੀ।

ਪੰਜਾਬੀ ਦੀ ਪ੍ਰਸਿੱਧ ਕਵਿੱਤਰੀ ਤੇ ਵਾਰਤਕਕਾਰ ਇੰਦਰਜੀਤ ਕੌਰ ਸਿੱਧੂ, ਭਰੂਣ ਹੱਤਿਆ ਦੇ ਖ਼ਿਲਾਫ਼ ਸ਼ਕਤੀਸ਼ਾਲੀ ਆਵਾਜ਼ ਬੁਲੰਦ ਕਰਨ ਵਾਲੀ ਕਵਿੱਤਰੀ ਡਾ: ਗੁਰਮਿੰਦਰ ਕੌਰ ਸਿੱਧੂ, ਅਮਰੀਕ ਪਲਾਹੀ, ਸੁੱਚਾ ਸਿੰਘ ਕਲੇਰ, ਹਰਚੰਦ ਸਿੰਘ ਬਾਗੜੀ, ਬਲਦੇਵ ਦੂਹੜੇ ਤੇ ਹੋਰ ਲੇਖਕਾਂ ਨੇ ਵੀ ਗੁਰਭਜਨ ਗਿੱਲ ਦੀ ਸ਼ਖਸੀਅਤ ਤੇ ਰਚਨਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਮੰਚ ਸੰਚਾਲਨ ਮੋਹਨ ਗਿੱਲ ਨੇ ਕੀਤਾ। ਇਸ ਸਮਾਗਮ ਵਿੱਚ ਗੁਰਬਾਜ਼ ਸਿੰਘ ਬਰਾੜ, ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ, ਸਤਿੰਦਰ ਕੌਰ ਘੁੰਮਣ, ਨਾਵਲਕਾਰ ਹਰਕੀਰਤ ਕੌਰ ਚਾਹਲ,ਕ੍ਰਿਸ਼ਨ ਭਨੋਟ, ਇੰਦਰਜੀਤ ਸਿੰਘ ਧਾਮੀ,ਰਾਜਨੀਤ ਕੌਰ ਬਾਠ,ਪਰਮਿੰਦਰ ਕੌਰ ਸਵੈਚ, ਸੁਰਜੀਤ ਮਾਧੋਪੁਰੀ, ਮਿਸਜ਼ ਬਾਗੜੀ, ਬਿੰਦੂ,ਡਾ: ਬ ਸ ਖਹਿਰਾ, ਕੇਸਰ ਸਿੰਘ ਕੂਨਰ ਤੇ ਕਈ ਹੋਰ ਸਿਰਕੱਢ ਲੇਖਕ ਹਾਜ਼ਰ ਸਨ।



















# ਕੰਵਲ ਦਾ ਮੁਹੱਬਤਨਾਮਾ-8



-ਪ੍ਰਿੰ. ਸਰਵਣ ਸਿੰਘ-

ਕੰਵਲ ਦੀ ਪਹਿਲੀ ਪਤਨੀ ਮੁਖਤਿਆਰ ਕੌਰ, ਆਪਣੇ ਪਤੀ ਦੀ ਦੂਜੀ ਪਤਨੀ ਡਾ. ਜਸਵੰਤ ਗਿੱਲ ਨੂੰ ਭੈਣ ਜੀ ਕਹਿੰਦੀ ਸੀ ਅਤੇ ਬੱਚੇ ਮਾਸੀ ਜੀ ਸੱਦਦੇ ਸਨ। ਇਕੱਠੇ ਰਹਿਣ ਤੋਂ ਪਹਿਲਾਂ ਲੱਗਦੈ ਦੋਹਾਂ ਜਸਵੰਤ ਗਿੱਲਾਂ ਨੇ ਸੋਚਿਆ ਹੋਵੇਗਾ ਕਿ ਉਹ ਕੋਈ ਬੱਚਾ ਪੈਦਾ ਨਹੀਂ ਕਰਨਗੇ। ਇਕ ਵਾਰ ਗਰਭ ਠਹਿਰ ਵੀ ਗਿਆ ਪਰ ਡਾ. ਜਸਵੰਤ ਗਿੱਲ ਨੇ ਕੰਵਲ ਨੂੰ ਦੱਸੇ ਬਿਨਾਂ ਦਿੱਲੀ ਜਾ ਕੇ ਗਰਭਪਾਤ ਕਰਵਾ ਲਿਆ ਸੀ। ਕੰਵਲ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਬਹੁਤ ਦੁੱਖ ਮਨਾਇਆ ਸੀ। ਬੇਸ਼ਕ ਮੁਖਤਿਆਰ ਕੌਰ ਦੀ ਕੁੱਖੋਂ ਚਾਰ ਧੀਆਂ ਤੋਂ ਪਿੱਛੋਂ ਪੁੱਤਰ ਜੰਮ ਪਿਆ ਸੀ ਤੇ ਵਾਰਸ ਦੀ ਘਾਟ ਪੂਰੀ ਹੋ ਗਈ ਸੀ ਪਰ ਜਸਵੰਤ ਗਿੱਲ ਦਾ ਬਿਨਾਂ ਦੱਸੇ ਭਰੂਣ ਹੱਤਿਆ ਕਰਨਾ ਉਸ ਨੂੰ ਚੰਗਾ ਨਹੀਂ ਸੀ ਲੱਗਾ। ਜਸਵੰਤ ਗਿੱਲ ਦੀ ਆਪਣੀ ਮਜਬੂਰੀ ਸੀ। ਜੇਕਰ ਉਹਦੀ ਕੁੱਖੋਂ ਇਕ ਹੋਰ ਵਾਰਸ ਪੈਦਾ ਹੋ ਜਾਂਦਾ ਤਾਂ ਪਰਿਵਾਰ ਵਿਚ ਨਵੇਂ ਕਲੇਸ਼ ਦਾ ਜਨਮ ਹੋ ਸਕਦਾ ਸੀ।


ਕੰਵਲ ਨੇ ਲਿਖਿਆ ਹੈ, "ਗਰਮੀ ਦਾ ਮਹੀਨਾ ਸੀ, ਮੱਛਰਦਾਨੀਆਂ ਲਾਈਆਂ ਹੋਈਆਂ ਸਨ। ਮੈਨੂੰ ਡਾਕਟਰ ਸਾਹਿਬ ਦੀ ਸਿਹਤ ਕਮਜ਼ੋਰ ਲੱਗੀ। ਜਦ ਮੈਂ ਇਸ ਬਾਰੇ ਪੁੱਛਿਆ ਤਾਂ ਪਹਿਲਾਂ ਤਾਂ ਉਹ ਟਾਲ ਮਟੋਲ ਕਰੀ ਜਾਵੇ। ਜਦ ਮੈਂ ਜ਼ੋਰ ਪਾਇਆ ਤਾਂ ਆਖਣ ਲੱਗੀ ਕਿ ਮੈਨੂੰ ਗਰਭ ਠਹਿਰ ਗਿਆ ਸੀ। ਮੈਂ ਦਿੱਲੀ ਕਿਸੇ ਸਹੇਲੀ ਡਾਕਟਰ ਤੋਂ ਅਬਾਰਸ਼ਨ ਕਰਵਾ ਕੇ ਆਈ ਆਂ। ਮੈਂ ਉਹਦੇ ਨਾਲ ਬਹੁਤ ਲੜਿਆ। ਮੈਂ ਆਖਿਆ ਲੋਕ ਤਾਂ ਅਰਦਾਸਾਂ ਕਰ ਕਰ ਬੱਚਾ ਭਾਲਦੇ ਐ। ਉਹ ਮਾਫੀਆਂ ਮੰਗੀ ਜਾਵੇ। ਕਹਿੰਦੀ ਮੈਂ ਇਹ ਸਾਰਾ ਕੁਝ ਪਰਿਵਾਰ ਦੀ ਖ਼ੁਸ਼ੀ ਲਈ ਕੀਤਾ ਹੈ।"

ਇਸ ਸਥਿਤੀ ਵਿਚ ਕੰਵਲ, ਮੁਖਤਿਆਰ ਕੌਰ ਤੇ ਡਾ. ਜਸਵੰਤ ਗਿੱਲ ਤਿੰਨਾਂ ਦੇ ਮਨਾਂ 'ਚ ਝਾਤੀ ਮਾਰੀ ਜਾਵੇ ਤਾਂ ਕਿਸੇ ਦੀ ਵੀ ਕੁਰਬਾਨੀ ਘੱਟ ਨਹੀਂ ਲੱਗਦੀ। ਕੰਵਲ ਦੀ ਮਜਬੂਰੀ, ਮੁਖਤਿਆਰ ਕੌਰ ਦੀ ਸਹਿਣਸ਼ੀਲਤਾ ਤੇ ਡਾ. ਜਸਵੰਤ ਗਿੱਲ ਦੀ ਸਿਆਣਪ ਸਾਫ ਦਿਖਾਈ ਦਿੰਦੀ ਹੈ। ਜਸਵੰਤ ਗਿੱਲ ਨੌਕਰੀ 'ਤੇ ਲੱਗਣਸਾਰ ਕਿਸੇ ਅਫਸਰ ਨਾਲ ਵਿਆਹ ਇਸ ਕਰਕੇ ਨਹੀਂ ਕਰਾਉਂਦੀ ਕਿ ਵਿਧਵਾ ਭਰਜਾਈ ਦੇ ਬੱਚੇ ਪੜ੍ਹਾਉਣੇ ਅਤੇ ਮਾਂ ਦੇ ਬੁਢਾਪੇ ਦੀ ਸਾਂਭ ਸੰਭਾਲ ਕਰਨੀ ਹੈ। ਵਿਆਹ ਦਾ ਸਮਾਂ ਪਛੜਦਾ ਜਾਂਦਾ ਹੈ ਕਿ ਕੰਵਲ ਦਾ ਨਾਵਲ ਪੜ੍ਹ ਕੇ ਕੰਵਲ ਨੂੰ ਪੱਤਰ ਲਿਖ ਬੈਠਦੀ ਹੈ। ਪੱਤਰ ਵਿਹਾਰ ਨਾਲ ਮੁਲਾਕਾਤਾਂ ਦਾ ਸਿਲਸਿਲਾ ਚੱਲ ਪੈਂਦਾ ਹੈ ਜੋ ਪਹਿਲਾਂ ਪ੍ਰੇਮ ਲੀਲ੍ਹਾ ਤੇ ਫਿਰ ਪਤੀ ਪਤਨੀ ਵਿਚ ਬਦਲ ਜਾਂਦਾ ਹੈ।

ਡਾ. ਜਸਵੰਤ ਗਿੱਲ ਦਾ ਆਰਥਿਕ ਪੱਖ ਵੇਖੀਏ ਤਾਂ ਉਸ ਦੀ ਚੋਖੀ ਤਨਖਾਹ ਸੀ। ਚੰਡੀਗੜ੍ਹ ਕੋਠੀ ਸੀ। ਬਾਊ ਜੀ ਦੇ ਫਾਰਮ ਦੀ ਵਿਰਾਸਤ 'ਚੋਂ ਪੰਦਰਾਂ ਵੀਹ ਕਿੱਲੇ ਜ਼ਮੀਨ ਵੀ ਸੀ। ਡਾਕਟਰ ਹੋਣ ਕਾਰਨ ਬੁਢਾਪੇ ਵਿਚ ਵੀ ਡਾਕਟਰੀ ਦੀ ਪ੍ਰੈਕਟਿਸ ਕਰੀ ਜਾ ਸਕਦੀ ਹੈ। ਇਕ ਦੋ ਬੱਚੇ ਜੰਮ ਵੀ ਲੈਂਦੀ ਤਾਂ ਉਹਨਾਂ ਦੀ ਪਾਲਣਾ ਪੋਸਣਾ ਤੇ ਪੜ੍ਹਾਈ ਕਰਾਉਣ ਲਈ ਸਭ ਕੁਝ ਸੀ। ਫਿਰ ਵੀ ਉਸ ਨੇ ਗਰਭਪਾਤ ਇਸ ਲਈ ਕਰਵਾਇਆ ਕਿ ਕੰਵਲ ਦੀ ਪਹਿਲੀ ਪਤਨੀ ਤੇ ਉਸ ਦੀ ਉਲਾਦ ਦਾ ਹੱਕ ਨਾ ਮਾਰਿਆ ਜਾਵੇ। ਗ੍ਰਿਹਸਥ ਦੀ ਗੱਡੀ ਇਸ ਤਰ੍ਹਾਂ ਹੀ ਚਲਦੀ ਰਹਿ ਸਕਦੀ ਸੀ ਜੋ ਚਲਦੀ ਗਈ।

ਕੰਵਲ ਜਾਂ ਉਸ ਦੇ ਪਰਿਵਾਰ ਨੇ ਵੀ ਡਾ. ਜਸਵੰਤ ਗਿੱਲ ਦੀ ਕੋਠੀ ਜਾਂ ਜ਼ਮੀਨ ਦਾ ਲਾਲਚ ਨਹੀਂ ਕੀਤਾ। ਕੰਵਲ ਨੇ ਖ਼ੁਦ ਜ਼ੋਰ ਪਾ ਕੇ ਜਸਵੰਤ ਗਿੱਲ ਤੋਂ ਉਹਦੀ ਅਚੱਲ ਜਾਇਦਾਦ ਦੀ ਵਸੀਅਤ ਉਹਦੇ ਭਰਾਵਾਂ ਦੇ ਨਾਂ ਕਰਵਾਈ। ਕੰਵਲ ਤਾਂ ਬੈਂਕ ਬੈਲੇਂਸ ਵੀ ਉਹਦੇ ਭਰਾਵਾਂ ਦੇ ਨਾਂ ਕਰਾਉਣ ਨੂੰ ਕਹਿੰਦਾ ਸੀ ਪਰ ਜਸਵੰਤ ਗਿੱਲ ਨਹੀਂ ਸੀ ਮੰਨੀ। ਉਸ ਦਾ ਤਰਕ ਸੀ ਕਿ ਤੁਸੀਂ ਮੈਨੂੰ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਤੇ ਲੁਧਿਆਣੇ ਤੋਂ ਲੰਡਨ ਤਕ ਦੇਸ਼ ਵਿਦੇਸ਼ ਦੀਆਂ ਸੈਰਾਂ ਕਰਵਾਉਂਦੇ ਰਹੇ ਹੋ, ਮੇਰੇ ਇਲਾਜ 'ਤੇ ਪੈਸੇ ਲਾਉਂਦੇ ਰਹੇ ਓ, ਮੇਰੀ ਸਾਂਭ ਸੰਭਾਲ ਕੀਤੀ ਹੈ, ਉਹਦੇ ਲਈ ਬੈਂਕ ਬੈਲੇਂਸ ਤਾਂ ਕੁਝ ਵੀ ਨਹੀਂ।

ਕੰਵਲ ਆਪਣੀ ਥਾਂ ਸੱਚਾ ਸੀ ਕਿ ਕੱਲ੍ਹ ਨੂੰ ਕੋਈ ਇਹ ਨਾ ਕਹੇ ਕਿ ਜੱਟ, ਡਾਕਟਰਨੀ ਦੇ ਪਿਆਰ 'ਤੇ ਨਹੀਂ, ਉਹਦੀ ਜ਼ਮੀਨ ਜਾਇਦਾਦ 'ਤੇ ਮਰਿਆ ਸੀ!




ਡਾ. ਜਸਵੰਤ ਗਿੱਲ ਆਪਣੀ ਉਮਰ ਦੇ 70ਵਿਆਂ ਵਿਚ ਦੋ ਵਾਰ ਗੰਭੀਰ ਬੀਮਾਰ ਹੋਈ। ਉਹ ਦੋਵੇਂ ਵਾਰ ਲੁਧਿਆਣੇ ਸੀ. ਐਮ. ਸੀ. ਹਸਪਤਾਲ ਦੇ ਇਲਾਜ ਅਤੇ ਕੰਵਲ ਦੀ ਸੇਵਾ ਸੰਭਾਲ ਨਾਲ ਬਚ ਜਾਂਦੀ ਰਹੀ। 77ਵੇਂ ਸਾਲ ਦੀ ਉਮਰ ਵਿਚ ਚੰਡੀਗੜ੍ਹ ਪੇਕਿਆਂ ਨੂੰ ਮਿਲਣ ਗਈ ਤਾਂ ਬੈੱਡ 'ਤੇਪਾਸਾ ਲੈਂਦਿਆਂ ਬੈੱਡ ਤੋਂ ਡਿੱਗ ਪਈ।ਉਹਦਾ ਚੂਲਾ ਟੁੱਟ ਗਿਆ। ਫਿਰ ਇਲਾਜ ਚਲਦਾ ਰਿਹਾ, ਕੰਵਲ ਵੀ ਹਾਜ਼ਰੀ ਭਰਦਾ ਰਿਹਾ ਪਰ ਉਹ ਉਸ ਨੂੰ ਬਚਾ ਨਾ ਸਕੇ। 1997 ਵਿਚ ਉਸ ਦਾ ਦੇਹਾਂਤ ਹੋ ਗਿਆ। ਭੋਗ ਚੰਡੀਗੜ੍ਹ ਵੀ ਪਾਇਆ ਗਿਆ ਅਤੇ ਢੁੱਡੀਕੇ ਵੀ। ਦੂਰੋਂ ਨੇੜਿਓਂ ਆਏ ਲੋਕਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।ਕੰਵਲ ਦਾ ਦੁੱਖ ਵੰਡਾਇਆ।

ਕੰਵਲ ਦਾ ਮੰਦਾ ਹਾਲ ਸੀ। ਪੜ੍ਹੋ: ਉਹ ਘਰ ਆਇਆ,ਚਾਰ ਚੁਫੇਰੇ ਨਜ਼ਰ ਮਾਰੀ, ਜਿਹੜੀ ਕੋਠੀ ਹਸਦੀ ਮਹਿਕਦੀ ਤੇ ਜੱਲ੍ਹੀਆਂ ਪਾਉਂਦੀ ਸੀ, ਲੰਮੀ ਸੁੰਨਸਾਨ ਵਿਚ ਖ਼ਾਮੋਸ਼ ਖਲੋਤੀ ਐ। ਅੱਗੇ ਜਦੋਂ ਵੀ ਬਾਹਰੋਂ ਘਰ ਆਉਂਦਾ ਸੀ, ਜਸਵੰਤ ਬਾਹਰ ਆ ਕੇ ਖਿੜੇ ਮੱਥੇ ਮਿਲਦੀ ਸੀ ਜਿਸ ਨਾਲ ਸਾਰਾ ਥਕੇਵਾਂ ਗਰਨ ਦੇ ਕੇ ਲਹਿ ਜਾਂਦਾ ਸੀ। ਸਮਝੋ ਸੌ ਮਣ ਬੋਝ ਸਿਰੋਂ ਲੱਥ ਗਿਆ। ਬੂਟੇ ਪਾਣੀ ਖੁਣੋਂ ਕੁਮਲਾਏ ਰੋ ਰਹੇ ਜਾਪਦੇ ਸਨ। ਘੁੱਗੀਆਂ ਗੁੰਮ-ਸੁੰਮ ਘੁੰਮ ਰਹੀਆਂ ਸਨ। ਮੋਰਾਂ ਤੇ ਮੋਰਨੀਆਂ ਨੇ ਧੌਣਾਂ ਸੁੱਟੀਆਂ ਹੋਈਆਂ ਸਨ। ਜਸਵੰਤ ਇਹਨਾਂ ਨੂੰ ਕਣਕ ਦਾ ਕਿਆਟਾ ਦੇਂਦੀ ਹੁੰਦੀ ਸੀ। ਗੁਟਾਰਾਂ ਨੇ ਵੀ ਧੌਣਾਂ ਨਿਵਾਈਆਂ ਹੋਈਆਂ ਸਨ। ਸੇੜ੍ਹੀਆਂ ਵਿਚ-ਵਿਚ ਹਉਕੇ ਲੈਂਦੀਆਂ ਸਿਸਕ ਰਹੀਆਂ ਸਨ। ਜਿਵੇਂ ਪੁੱਛ ਰਹੀਆਂ ਹੋਣ, ਸਾਡੀ ਮਾਂ ਨੂੰ ਕਿਥੇ ਛੱਡ ਆਇਆਂ ਏਂ? ਆਪਣਾ ਘਰ ਹੀ ਆਪਣਾ ਨਹੀਂ ਲੱਗਦਾ ਸੀ। ਜਿਵੇਂ ਬੇਗਾਨੇ ਘਰ ਆ ਗਿਆ ਹੋਵਾਂ। ਘਰ ਓਹੀ ਸੀ, ਬੂਟੇ ਤੇ ਜਾਨਵਰ ਓਹੀ ਸਨ। ਸਾਰੇ ਇਕਦਮ ਖ਼ਾਮੋਸ਼; ਪਰ ਜਾਗਦੀ ਮਹਿਕਦੀ ਰੂਹ ਕਿਤੇ ਨਹੀਂ ਸੀ ਦਿਸ ਰਹੀ। ਜਸਵੰਤ ਦਾ ਚਿੱਟਾ ਵਰਕਿੰਗ ਕੋਟ ਗੁਸਲਖਾਨੇ ਮੂਹਰੇ ਚੁੱਪ-ਚਾਪ ਰੁਸਿਆ ਲਟਕ ਰਿਹਾ ਸੀ। ਕੰਵਲ ਨੇ ਉਸ ਦੀਆਂ ਜੇਬਾਂ ਵਿਚ ਹੱਥ ਪਾਏ; ਪਰ ਉਹ ਖਾਲੀ ਬਾਹਰ ਆ ਗਏ। ਉਹਦੇ ਸੌਣ ਕਮਰੇ ਵਿਚ ਸਟੈਥੋ ਸਕੋਪ ਬਾਹਾਂ ਖਿਲਾਰੀ ਪਿਆ ਸੀ ਜਿਵੇਂ ਜੋਧਾ ਜੰਗ ਹਾਰ ਕੇ ਹਥਿਆਰ ਸੁੱਟੀ ਪਿਆ ਹੋਵੇ। ਉਸ ਨੂੰ ਜਾਪਿਆ, ਸਾਰੀ ਕੋਠੀ ਸੋਗ ਵਿਚ ਹਉਕੇਹਾਰ ਹੋਈ ਪਈ ਸੀ।

ਚੰਨੀਏ! ਹੁਣ ਤੇਰੀਆਂ ਕਿਤੇ ਨਾ ਪੈਂਦੀਆਂ ਦੱਸਾਂ। ਭੋਗ ਮਨਾਂ ਚੁੱਪ ਕਰ ਕੇ ਲਿਖੀਆਂ ਲੇਖ ਦੀਆਂ। ਜਿਹੜੀ ਰੂਹ ਗਵਾਚ ਗਈ, ਉਹ ਫੇਰ ਨਹੀਂ ਆਉਣੀ ਮੁੜ ਕੇ। ਪਰ ਕੰਵਲ ਦੀ ਜ਼ਿੰਦ-ਆਸ ਉਸ ਨੂੰ ਆਪਣੇ ਨਾਲ ਬੰਨ੍ਹੀ ਰੱਖਣਾ ਲੋੜਦੀ ਸੀ।

ਕੰਵਲ ਨੇ ਲਿਖਿਆ, "ਪੰਜਾਬੀ ਸਾਹਿਤ ਟਰੱਸਟ ਉਸ ਦੀ ਸਲਾਹ ਨਾਲ ਖੜ੍ਹਾ ਕੀਤਾ ਸੀ। ਬਾਵਾ ਬਲਵੰਤ ਤੇ ਯਾਰ ਬਲਰਾਜ ਸਾਹਨੀ ਦੇ ਨਾਵਾਂ ਉਤੇ ਪੰਦਰਾਂ-ਪੰਦਰਾਂ ਹਜ਼ਾਰ ਰੁਪਏ ਦੇ ਸਨਮਾਨ ਹਰ ਸਾਲ ਪੰਜਾਬੀ ਲੇਖਕਾਂ ਨੂੰ ਦਿਆ ਕਰਦੇ ਸਾਂ। ਡਾ. ਜਸਵੰਤ ਦੀ ਮੌਤ ਨੇ ਮੇਰਾ ਲੱਕ ਤੋੜ ਸੁੱਟਿਆ ਸੀ। ਉਸ ਸਾਹਿਤ ਖੇਤਰ ਵਿਚ ਮੇਰੀ ਅਗਵਾਈ ਨਾ ਸਹੀ, ਪਰ ਪੂਰੀ ਹਿੰਮਤ ਤੇ ਦ੍ਰਿੜਤਾ ਨਾਲ ਮੇਰੇ ਬਰਾਬਰ ਖਲੋਤੀ ਰਹੀ ਸੀ। ਮੈਂ ਟਰੱਸਟ ਦੇ ਸਾਥੀਆਂ ਦੀ ਸਲਾਹ ਨਾਲ ਡਾ. ਜਸਵੰਤ ਕੌਰ ਗਿੱਲ ਦਾ ਨਾਂ ਵੀ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਦੇ ਨਾਂ ਨਾਲ ਜੋੜ ਦਿੱਤਾ। ਮੇਰੀ ਪ੍ਰੇਰਨਾ ਨਾਲ ਉਸ ਨੇ ਸਿਹਤ ਸਾਇੰਸ ਦੀਆਂ ਪੰਦਰਾਂ ਪੁਸਤਕਾਂ ਲਿਖੀਆਂ ਸਨ। ਡਾ. ਜਸਵੰਤ ਕੌਰ ਗਿੱਲ ਆਵਰਡ ਦੀ ਸ਼ਰਤ ਇਹ ਰੱਖੀ ਕਿ ਇਨਾਮ ਉਹਦੀਆਂ ਇਸਤਰੀ ਭੈਣਾਂ ਨੂੰ ਹੀ ਦਿੱਤਾ ਜਾਇਆ ਕਰੇਗਾ...।

ਮਨ ਨੇ ਫਾਨੀ ਦੁਨੀਆ ਉਤੋਂ ਦੀ ਲੰਮਾ ਚੱਕਰ ਮਾਰਿਆ ਤੇ ਇਸ ਨਤੀਜੇ 'ਤੇ ਪੁੱਜਾ: ਅਲਪੱਗ ਦੀ ਇਕ ਉਮਰ ਹੁੰਦੀ ਐ, ਇਕ ਪਲ ਵੀ, ਇਕ ਜੁਗ ਵੀ। ਜਸਵੰਤ ਠੀਕ ਆਖਦੀ ਸੀ, ਮਨੁੱਖ ਲੋਕਾਂ ਦੀ ਸੇਵਾ ਕਰਦਾ ਸਰਵੱਗਤਾ ਨੂੰ ਪਹੁੰਚ ਜਾਂਦਾ ਹੈ। ਵਿਛੋੜਾ ਇਮਤਿਹਾਨ ਹੈ, ਜਿਹੜਾ ਸਭ ਨੂੰ ਦੇਣਾ ਪੈਂਦਾ ਹੈ। ਸੇਵਾ-ਸਾਧਨਾ ਨਹੀਂ ਛੱਡਣੀ। ਕੋਈ ਕਿਸੇ ਤੋਂ ਵੱਖ ਨਹੀਂ। ਭੁਲੇਖੇ ਨੂੰ ਗੂੜ੍ਹੀ ਨੀਂਦ ਸੌਂ ਜਾਣ ਦੇ। ਜਦੋਂ ਜਾਗੇਂਗਾ, ਸਤਰੰਗੀ ਕਲਿਆਣ ਸਵੇਰੇ-ਸਵੇਰੇ ਤੇਰਾ ਮੂੰਹ ਚੁੰਮੇਗੀ। ਅਸੀਂ ਦੋ ਤੋਂ ਮੁੜ ਇਕ ਹੋ ਜਾਵਾਂਗੇ। ਪਿਆਰ ਨੂੰ ਗਿਆਨ ਦੀ ਡੰਡੌਤ ਕਰਨੀ ਹੀ ਪੈਂਦੀ ਐ। ਮੇਰੇ ਮੰਨਿਆ! ਉਦਾਸ ਨਹੀਂ ਹੋਣਾ, ਮੈਂ ਹਰ ਸਮੇਂ ਤੇਰੇ ਅੰਦਰ ਮੁਸਕਰਾ ਰਹੀ ਹੋਵਾਂਗੀ।"

ਪੁਸਤਕ 'ਪੁੰਨਿਆਂ ਦਾ ਚਾਨਣ' ਦੇ ਮੁੱਖ ਸ਼ਬਦ ਹਨ:

ਨਹੀਂ ਲੱਭਣੇ ਲਾਲ ਗਵਾਚੇ, ਮਿੱਟੀ ਨਾ ਫਰੋਲ ਜੋਗੀਆ!
ਕੋਈ ਜਾਣੇ ਨਾ ਜਾਣੇ
ਤੂੰ ਸੇਵਾ ਕਰਦੀ ਲੋਕਾਂ ਤੋਂ ਕੁਰਬਾਨ ਹੋਈ ਏਂ
ਤਿੱਖੇ ਤੱਤੇ ਬੋਲਾਂ ਦਾ ਮੋੜ, ਤੇਰੀ ਨਿਰਮਾਣ ਖ਼ਾਮੋਸ਼ੀ ਸੀ
ਕੁਰਾਹੇ ਜਾਂਦੇ ਕੰਵਲ ਨੂੰ ਪਿਆਰ ਕਰਦੀ ਐਂ
ਪਰ ਮੈਂ ਤਾਂ ਚੰਨੋ ਤੇਰੀ ਪੂਜਾ ਕੀਤੀ ਹੈ,
ਸਿਮਰਨ ਜਾਰੀ ਹੈ

ਤੇਰਾ ਕੰਵਲ

(ਸਮਾਪਤ)

**ਜਸਵੰਤ ਸਿੰਘ ਕੰਵਲ ਨੇ ਸੌ ਸਾਲ ਜਿਊਣ ਤੇ ਅੱਸੀ ਸਾਲ ਲਗਾਤਾਰ ਲਿਖਣ ਦਾ ਰਿਕਾਰਡ ਰੱਖ ਦਿੱਤੈ। ਉਸ ਨੇ ਦਸਵੀਂ 'ਚੋਂ ਫੇਲ੍ਹ ਹੋ ਕੇ ਚੌਕੀਦਾਰੀ, ਕਲੱਰਕੀ, ਕਿਸਾਨੀ, ਸਰਪੰਚੀ, ਸਾਹਿਤਕਾਰੀ, ਕੇਂਦਰੀ ਪੰਜਾਬੀ ਸਾਹਿਤ ਸਭਾ ਦੀ ਸਕੱਤਰੀ, ਪ੍ਰਧਾਨਗੀ, ਸਰਪ੍ਰਸਤੀ, ਕਾਨਫ੍ਰੰਸਾਂ/ਕਨਵੈਨਸ਼ਨਾਂ ਦੀ ਕਨਵੀਨਰੀ,ਸਾਹਿਤ ਟ੍ਰੱਸਟ ਢੁੱਡੀਕੇ ਦੀ ਸਥਾਪਤੀਤੇ ਹੋਰ ਕਈ ਕੁਝ ਕਰਨ ਦੇ ਨਾਲਮੁਹੱਬਤ ਵੀ ਕੀਤੀ। ਉਹਦੇ ਗਰਾਈਂ ਪ੍ਰਿੰ.ਸਰਵਣ ਸਿੰਘ ਦੀ ਉਹਦੇ ਬਾਰੇ ਲਿਖੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਵਿਚੋਂ ਪੇਸ਼ ਹੈ ਕੰਵਲ ਦਾ ਮੁਹੱਬਤਨਾਮੇ ਵਾਲਾ ਕਾਂਡ। ਪੁਸਤਕ ਪੀਪਲਜ਼ ਫੋਰਮ ਬਰਗਾੜੀ ਨੇ ਛਾਪੀ ਹੈ ਜਿਨ੍ਹਾਂ ਦਾ ਫੋਨ 01191-98729-89313 ਹੈ।**

# ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦੀ ਮੂਲ ਵਜ੍ਹਾ ਆਬਾਦੀ ਧਮਾਕਾ

## ਨਰਿੰਦਰ ਮੋਦੀ ਦੇ ਨਾਂਅ ਖੁੱਲ੍ਹੀ ਚਿੱਠੀ

-ਸ਼ਾਂਤਾ ਕੁਮਾਰ-

ਸਾਬਕਾ ਮੁੱਖ ਮੰਤਰੀ, ਹਿਮਾਚਲ ਪ੍ਰਦੇਸ਼

ਸਤਿਕਾਰ ਯੋਗ ਨਰਿੰਦਰ ਮੋਦੀ ਜੀ,

ਇਸ ਵਾਰ ਲਾਲ ਕਿਲੇ ਦੀ ਫਸੀਲ ਤੋਂ 15 ਅਗਸਤ ਨੂੰ ਜਦੋਂ ਤੁਸੀਂ ਭਾਸ਼ਣ ਦੇ ਰਹੇ ਸੀ ਤਾਂ ਮੈਂ ਪਰਵਾਰ ਸਮੇਤ ਇੱਕ-ਇੱਕ ਸ਼ਬਦ ਬਹੁਤ ਧਿਆਨ ਨਾਲ ਸੁਣ ਰਿਹਾ ਸੀ। ਤੁਹਾਡਾ ਇੱਕ-ਇੱਕ ਸ਼ਬਦ ਨਵੇਂ ਭਾਰਤ ਦੇ ਨਿਰਮਾਣ ਦਾ ਸੱਦਾ ਸੀ, ਪਰ ਜਦੋਂ ਤੁਹਾਡੇ ਮੂੰਹੋਂ ਇਹ ਸ਼ਬਦ ਨਿਕਲੇ ਕਿ 'ਆਬਾਦੀ ਧਮਾਕਾ ਆਉਣ ਵਾਲੀ ਪੀੜ੍ਹੀ ਲਈ ਬਹੁਤ ਵੱਡਾ ਸੰਕਟ ਹੈ, ਛੋਟਾ ਪਰਵਾਰ ਰੱਖ ਕੇ ਕੁਝ ਲੋਕ ਦੇਸ਼ ਦੀ ਸੇਵਾ ਕਰ ਰਹੇ ਹਨ', ਮੈਂ ਖ਼ੁਸ਼ੀ ਨਾਲ ਉਛਲ ਪਿਆ ਅਤੇ ਆਪਣੀ ਧਰਮ ਪਤਨੀ ਨੂੰ ਕਿਹਾ ਕਿ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਖਤਮ ਹੋਣ ਤੋਂ ਬਾਅਦ ਮੈਨੂੰ ਇਹੋ ਉਮੀਦ ਸੀ ਕਿ ਤੁਹਾਡੀ ਕਾਰਜ ਸੂਚੀ ਵਿੱਚ ਦੂਜਾ ਕੰਮ ਆਬਾਦੀ ਉੱਤੇ ਕਾਬੂ ਪਾਉਣ ਦਾ ਹੋਵੇਗਾ।

ਤੁਹਾਨੂੰ ਯਾਦ ਹੋਵੇਗਾ ਕਿ ਇੱਕ ਵਾਰ ਲੋਕ ਸਭਾ ਸੈਸ਼ਨ ਦੌਰਾਨ ਤੁਸੀਂ ਸਾਰੇ ਪਾਰਲੀਮੈਂਟ ਮੈਂਬਰਾਂ ਨੂੰ 25-30 ਦੇ ਗਰੁੱਪਾਂ ਵਿੱਚ ਵਾਰੀ-ਵਾਰੀ ਰਿਹਾਇਸ਼ 'ਤੇ ਬ੍ਰੇਕਫਾਸਟ ਲਈ ਸੱਦਿਆ ਸੀ, ਉਨ੍ਹਾਂ 'ਚ ਮੈਂ ਵੀ ਸ਼ਾਮਲ ਸੀ। ਉਸ ਤੋਂ ਬਾਅਦ ਤੁਸੀਂ ਸਭ ਨਾਲ ਕੇਂਦਰ ਸਰਕਾਰ ਦੀਆਂ ਵੱਖ ਵੱਖ ਯੋਜਨਾਵਾਂ ਬਾਰੇ ਗੱਲਬਾਤ ਕੀਤੀ। ਉਦੋਂ ਮੈਂ ਕਿਹਾ ਸੀ, 'ਤੁਹਾਡੀਆਂ ਯੋਜਨਾਵਾਂ ਦੇਸ਼ ਦਾ ਕਾਇਆ-ਕਲਪ ਕਰਨਗੀਆਂ। ਸਭ ਯੋਜਨਾਵਾਂ ਅੰਤੋਦਿਆ ਦੀ ਭਾਵਨਾ ਨਾਲ ਚਲਾਈਆਂ ਜਾ ਰਹੀਆਂ ਹਨ, ਪਰ ਇੱਕ ਮੁਸ਼ਕਲ ਇਹ ਹੈ ਕਿ ਰਾਜਾਂ 'ਚ ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਹੇਠਲਾ ਪ੍ਰਸ਼ਾਸਨ ਤੰਤਰ ਨਾ ਤਾਂ ਪੂਰਾ ਮਾਹਰ ਹੈ ਤੇ ਨਾ ਹੀ ਇਮਾਨਦਾਰ। ਫਿਰ 60-70 ਫੀਸਦੀ ਯੋਜਨਾਵਾਂ ਲਾਗੂ ਹੋ ਰਹੀਆਂ ਹਨ।" ਮੈਂ ਰੁਕ ਕੇ ਤੁਹਾਡੇ ਵੱਲ ਦੇਖਿਆ ਤੇ ਕਿਹਾ ਸੀ, 'ਪਰ ਮੈਨੂੰ ਮੁਆਫ ਕਰਨਾ, ਇਨ੍ਹਾਂ ਸਭ ਯੋਜਨਾਵਾਂ ਦੇ ਲਾਭ ਦਾ ਵੱਡਾ ਹਿੱਸਾ ਵਧਦੀ ਆਬਾਦੀ ਦਾ ਰਾਖਸ਼ ਨਿਗਲਦਾ ਜਾ ਰਿਹਾ ਹੈ।" ਇਸ 'ਤੇ ਥੋੜ੍ਹੀ ਚਰਚਾ ਚੱਲੀ। ਉਦੋਂ ਅਨੰਤ ਕੁਮਾਰ ਤੁਹਾਡੇ ਨੇੜੇ ਬੈਠੇ ਸਨ। ਉਨ੍ਹਾਂ ਨੇ ਮੇਰੇ ਵੱਲ ਦੇਖ ਕੇ ਇਸ਼ਾਰਾ ਕੀਤਾ। ਮੈਂ ਸਮਝ ਗਿਆ ਤੇ ਅਸੀਂ ਸਾਰੇ ਚੁੱਪ ਹੋ ਗਏ ਸੀ। ਉਦੋਂ ਤੁਹਾਡੇ ਸ਼ਬਦ ਸਨ, "ਸਭ ਕੁਝ ਮੇਰੇ ਧਿਆਨ ਵਿੱਚ ਹੈ, ਠੀਕ ਸਮੇਂ ਦੀ ਉਡੀਕ 'ਚ ਹਾਂ।"

ਉਸ ਤੋਂ ਬਾਅਦ ਇੱਕ ਦਿਨ ਸਦਨ ਵਿੱਚ ਅਨੰਤ ਕੁਮਾਰ ਨਾਲ ਇਸ ਬਾਰੇ ਮੇਰੀ ਨਵੀਂ ਚਰਚਾ ਹੋਈ। ਮੈਂ ਪਿਛਲੇ ਕਈ ਸਾਲਾਂ ਤੋਂ ਇਸ ਸਮੱਸਿਆ ਉੱਤੇ ਲਗਾਤਾਰ ਲਿਖਦਾ ਅਤੇ ਗੱਲ ਕਰਦਾ ਰਿਹਾ ਹਾਂ। ਤੁਹਾਨੂੰ ਇਸ ਬਾਰੇ ਦੋ ਲੰਬੀਆਂ ਚਿੱਠੀਆਂ ਵੀ ਲਿਖੀਆਂ ਸਨ। ਇੱਕ ਵਾਰ ਤੁਹਾਨੂੰ ਮਿਲ ਕੇ ਵੀ ਇਸ ਬਾਰੇ ਚਰਚਾ ਕੀਤੀ ਸੀ। ਅਖਬਾਰ ਵਿੱਚ ਛਪੇ ਮੇਰੇ ਇੱਕ ਲੇਖ ਦਾ ਸਿਰਲੇਖ ਸੀ 'ਆਬਾਦੀ ਘਟਾਓ, ਨਹੀਂ ਤਾਂ ਬਰਬਾਦੀ ਲਈ ਤਿਆਰ ਰਹੋ।'

ਵਧਦੀ ਆਬਾਦੀ ਸੱਚਮੁੱਚ ਇੱਕ ਧਮਾਕੇ ਦਾ ਰੂਪ ਲੈ ਰਹੀ ਹੈ। ਤੁਹਾਡੇ ਯਤਨਾਂ ਤੋਂ ਬਾਅਦ ਵੀ ਆਰਥਿਕ ਸੰਕਟ ਇੰਨਾ ਹੈ ਕਿ ਗਲੋਬਲ ਹੰਗਰ ਇੰਡੈਕਸ ਮੁਤਾਬਕ ਲਗਭਗ 18 ਕਰੋੜ ਭਾਰਤੀ ਰਾਤ ਨੂੰ ਭੁੱਖੇ ਢਿੱਡ ਸੌਂਦੇ ਹਨ। ਯੂ ਐੱਨ ਓ ਦੀ ਰਿਪੋਰਟ ਅਨੁਸਾਰ ਦੁਨੀਆ 'ਚ ਸਭ ਤੋਂ ਵੱਧ ਭੁੱਖੇ ਲੋਕ ਭਾਰਤ ਵਿੱਚ ਰਹਿੰਦੇ ਹਨ ਅਤੇ ਕੁਪੋਸ਼ਣ ਨਾਲ ਮਰਨ ਵਾਲੇ ਬੱਚਿਆਂ ਦੀ ਗਿਣਤੀ ਵੀ ਦੁਨੀਆ 'ਚ ਸਭ ਤੋਂ ਵੱਧ ਭਾਰਤ ਵਿੱਚ ਹੈ। ਕਾਂਗਰਸ ਦੇ ਸ਼ਾਸਨ ਕਾਲ ਦੌਰਾਨ ਥੋੜ੍ਹਾ ਵਿਕਾਸ ਤਾਂ ਹੋਇਆ, ਪਰ ਸਮਾਜਕ ਨਿਆਂ ਨਹੀਂ ਹੋਇਆ। ਉਦੋਂ ਅਮਰੀ ਚਮਕਦੀ ਰਹੀ ਤੇ ਗਰੀਬੀ ਸਿਸਕਦੀ ਰਹੀ।

ਅੱਜ ਗਰੀਬੀ ਇਥੋਂ ਤੱਕ ਪਹੁੰਚ ਗਈ ਹੈ ਕਿ ਕੁਝ ਰਾਜਾਂ ਦੇ ਬੇਹੱਦ ਗਰੀਬ ਘਰਾਂ ਦੀਆਂ ਧੀਆਂ ਖਰੀਦੀਆਂ-ਵੇਚੀਆਂ ਜਾਂਦੀਆਂ ਹਨ। ਪਿਛਲੇ ਦਿਨੀਂ ਆਸਾਮ ਦੀ ਇੱਕ ਧੀ ਕਈ ਵਾਰ ਖਰੀਦੀ ਤੇ ਵੇਚੀ ਗਈ, ਜੋ ਵਿਕਦੇ-ਵਿਕਦੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੇ ਅੰਬ ਕਸਬੇ 'ਚ ਪਹੁੰਚ ਗਈ। ਇਹ ਪੜ੍ਹ-ਸੁਣ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਬੇਰੋਜ਼ਗਾਰੀ ਕਾਰਨ ਨੌਜਵਾਨ ਨਿਰਾਸ਼ ਹੈ। ਅਪਰਾਧ ਵੀ ਵਧ ਰਹੇ ਹਨ ਅਤੇ ਖੁਦਕੁਸ਼ੀਆਂ ਦੀ ਗਿਣਤੀ ਵੀ ਵਧਣ ਲੱਗੀ ਹੈ।

ਵਧਦੀ ਆਬਾਦੀ ਦੇ ਦਬਾਅ ਹੇਠ ਨਾਜਾਇਜ਼ ਕਬਜ਼ੇ ਹੋ ਰਹੇ ਹਨ। ਰਾਜਧਾਨੀ ਤੱਕ 'ਚ ਨਾਜਾਇਜ਼ ਕਲੋਨੀਆਂ ਵੱਸ ਗਈਆਂ ਹਨ। ਇਨ੍ਹਾਂ ਕਲੋਨੀਆਂ ਨੂੰ ਰੈਗੂਲਰ ਕਰਨ ਦੀ ਕਾਰਵਾਈ ਚੱਲ ਰਹੀ ਹੈ। ਆਬਾਦੀ ਵਧੇਗੀ ਤਾਂ ਮਕਾਨ ਬਣਾਉਣੇ ਪੈਣਗੇ। ਇਸ ਦੇ ਲਈ ਜੰਗਲ ਕੱਟਣੇ ਪੈਣਗੇ, ਰੇਤਾ ਦੀ ਲੋੜ ਪਵੇਗੀ ਤਾਂ ਰੇਤ ਮਾਫੀਆ ਬਣੇਗਾ। ਨਾਜਾਇਜ਼ ਮਾਈਨਿੰਗ ਹੋਵੇਗੀ ਅਤੇ ਮਤਲਬ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦੀ ਮੂਲ ਵਜ੍ਹਾ ਸਿਰਫ ਤੇ ਸਿਰਫ ਆਬਾਦੀ ਧਮਾਕਾ ਹੈ।

ਦੇਸ਼ ਦੀ ਰਾਜਧਾਨੀ ਦਿੱਲੀ ਪ੍ਰਦੂਸ਼ਣ ਕਾਰਨ ਗੈਸ ਚੈਂਬਰ ਬਣ ਗਈ ਹੈ। ਬੱਚਿਆਂ ਦੇ ਫੇਫੜੇ ਖਰਾਬ ਹੋ ਰਹੇ ਹਨ। ਏਮਜ਼ ਦੇ ਡਾਕਟਰਾਂ ਮੁਤਾਬਕ ਨੌਜਵਾਨਾਂ ਤੱਕ ਨੂੰ ਇਸੇ ਕਾਰਨ ਫੇਫੜਿਆਂ ਦਾ ਕੈਂਸਰ ਹੋ ਰਿਹਾ ਹੈ। ਇਥੇ ਕੂੜਾ ਕਰਕਟ ਤੱਕ ਨਹੀਂ ਸੰਭਾਲਿਆ ਜਾ ਰਿਹਾ। ਕੂੜੇ ਦੇ ਢੇਰ ਪਹਾੜ ਬਣ ਗਏ ਹਨ। ਪਿਛਲੇ ਦਿਨੀਂ ਕੂੜੇ ਦੇ ਇੱਕ ਢੇਰ ਨੂੰ ਅੱਗ ਲੱਗਣ ਨਾਲ ਦੋ ਵਿਅਕਤੀ ਉਸ ਦੇ ਹੇਠਾਂ ਦੱਬ ਕੇ ਮਾਰੇ ਗਏ। ਇਹ ਸਭ ਆਬਾਦੀ ਧਮਾਕੇ ਦਾ ਸਿੱਟਾ ਹੈ।

ਨੀਤੀ ਆਯੋਗ ਨੇ ਪਾਣੀ ਦੇ ਸਬੰਧ ਵਿੱਚ ਇੱਕ ਅਜਿਹੀ ਰਿਪੋਰਟ ਦਿੱਤੀ ਕਿ ਜਿਸ ਨੂੰ ਪੜ੍ਹ ਕੇ ਡਰ ਲੱਗਣ ਲੱਗਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 60 ਕਰੋੜ ਭਾਰਤੀ ਪਾਣੀ ਦੀ ਗੰਭੀਰ ਸਮੱਸਿਆ ਨਾਲ ਜੂਝ ਰਹੇ ਹਨ, ਦੋ ਲੱਖ ਲੋਕ ਰੋਜ਼ਾਨਾ ਸ਼ੁੱਧ ਪਾਣੀ ਦੀ ਘਾਟ ਕਾਰਨ ਮਰਦੇ ਹਨ। ਲਗਭਗ ਸੱਠ ਫੀਸਦੀ ਪਾਣੀ ਪੀਣ ਯੋਗ ਨਹੀਂ ਹੈ। ਗੁਣਵੱਤਾ ਦੇ ਪੱਖ ਤੋਂ ਦੁਨੀਆ ਦੇ 122 ਦੇਸ਼ਾਂ ਵਿੱਚ ਭਾਰਤ ਬਹੁਤ ਹੇਠਾਂ (120ਵੇਂ ਥਾਂ) ਹੈ, 75 ਫੀਸਦੀ ਘਰਾਂ ਵਿੱਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਨਹੀਂ, 54 ਫੀਸਦੀ ਖੂਹਾਂ ਵਿੱਚ ਪਾਣੀ ਦਾ ਪੱਧਰ ਘੱਟ ਗਿਆ ਅਤੇ 21 ਵੱਡੇ ਸ਼ਹਿਰਾਂ 'ਚ 2020 ਤੱਕ ਪਾਣੀ ਮੁੱਕ ਜਾਵੇਗਾ। ਪਾਣੀ ਘਟਣ ਦੇ ਕੁਝ ਹੋਰ ਕਾਰਨ ਵੀ ਹੋ ਸਕਦੇ ਹਨ, ਪਰ ਅੱਸੀ ਫੀਸਦੀ ਵਜ੍ਹਾ ਆਬਾਦੀ ਧਮਾਕਾ ਹੀ ਹੈ।


ਇਹ ਸੋਚ ਕੇ ਹੋਰ ਜ਼ਿਆਦਾ ਚਿੰਤਾ ਹੁੰਦੀ ਹੈ ਕਿ ਤੁਸੀਂ ਅਤੇ ਤੁਹਾਡੀ ਸਰਕਾਰ ਦਿਨ ਰਾਤ ਮਿਹਨਤ ਕਰ ਕੇ ਇੱਕ ਨਵੇਂ ਖੁਸ਼ਹਾਲ ਭਾਰਤ ਦਾ ਨਿਰਮਾਣ ਕਰਨ ਦੀ ਕੋਸ਼ਿਸ਼ 'ਚ ਹੋ, ਪਰ ਆਬਾਦੀ ਧਮਾਕੇ ਕਾਰਨ ਸਾਰੇ ਯਤਨ ਅਸਫਲ ਹੁੰਦੇ ਦਿਖਾਈ ਦਿੰਦੇ ਹਨ। ਮੈਂ ਦੇਸ਼ ਦੇ ਆਜ਼ਾਦੀ ਅੰਦੋਲਨ ਦੇ ਇਤਿਹਾਸ ਵਿੱਚ ਪ੍ਰਮੁੱਖ ਤੌਰ 'ਤੇ ਕ੍ਰਾਂਤੀਕਾਰੀ ਅੰਦੋਲਨ ਦਾ ਵਿਸ਼ੇਸ਼ ਅਧਿਐਨ ਕੀਤਾ ਸੀ ਅਤੇ ਉਸ ਸੰਬੰਧ ਵਿੱਚ ਇੱਕ ਕਿਤਾਬ 'ਧਰਤੀ ਹੈ ਬੀਲਦਾਨ ਕੀ' ਵੀ ਲਿਖੀ ਸੀ। ਫਾਂਸੀ ਦੇ ਰੱਸਿਆਂ ਉੱਤੇ ਝੂਲਦੇ ਸ਼ਹੀਦਾਂ ਦੀ ਇੱਕੋ-ਇੱਕ ਆਖਰੀ ਇੱਛਾ ਸੀ ਕਿ ਅੰਗਰੇਜ਼ ਇਥੋਂ ਚਲੇ ਜਾਣ ਤੇ ਭਾਰਤ ਇੱਕ ਖੁਸ਼ਹਾਲ ਦੇਸ਼ ਬਣੇ, ਪਰ ਬਦਕਿਸਮਤੀ ਨਾਲ ਦੇਸ਼ ਵਿੱਚ ਚਾਰ ਭਾਰਤ ਬਣ ਗਏ, ਪਹਿਲਾ ਲੁੱਟਣ ਵਾਲਿਆਂ ਦਾ ਮਾਲਾਮਾਲ ਭਾਰਤ, ਜਿਵੇਂ ਵਿਜੇ ਮਾਲਿਆ ਤੇ ਨੀਰਵ ਮੋਦੀ ਲਗਭਗ 25 ਹਜ਼ਾਰ ਕਰੋੜ ਰੁਪਏ ਲੁੱਟ ਕੇ ਭੱਜ ਗਏ। ਅਜਿਹੇ ਲਗਭਗ ਚਾਲੀ ਬੰਦੇ ਭੱਜ ਕੇ ਵਿਦੇਸ਼ਾਂ ਵਿੱਚ ਬੈਠੇ ਹਨ। ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਕੱਲ੍ਹ ਇਹ ਲੁੱਟ ਕੁਝ ਬੰਦ ਹੈ ਤੇ ਤੁਸੀਂ ਲੁਟੇਰਿਆਂ ਨੂੰ ਫੜ ਕੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹੋ। ਦੂਜਾ ਹੈ ਖੁਸ਼ਹਾਲ ਭਾਰਤ, ਤੀਜਾ ਹੈ ਆਮ ਭਾਰਤ ਅਤੇ ਚੌਥਾ ਹੈ ਭੁੱਖਾ ਭਾਰਤ।

ਤੁਸੀਂ ਆਪਣੇ ਭਾਸ਼ਣ 'ਚ ਬਿਲਕੁਲ ਠੀਕ ਸ਼ਬਦ ਵਰਤਿਆ ਹੈ-ਆਬਾਦੀ ਧਮਾਕਾ। ਇਸ ਨੇ ਇੱਕ ਖਤਰਨਾਕ ਰੂਪ ਧਾਰਨ ਕਰ ਲਿਆ ਹੈ ਤੇ ਧਮਾਕਾ ਹੋਣਾ ਸ਼ੁਰੂ ਹੋ ਗਿਆ। ਸੱਚਮੁੱਚ ਪਾਣੀ ਸਿਰ ਉਪਰੋਂ ਲੰਘ ਰਿਹਾ ਹੈ। ਕਸ਼ਮੀਰ ਸਮੱਸਿਆ 'ਤੇ ਬਹੁਤ ਸਾਰੇ ਲੋਕਾਂ, ਸਿਆਸੀ ਪਾਰਟੀਆਂ ਅਤੇ ਇਥੋਂ ਤੱਕ ਕਿ ਕਾਂਗਰਸ ਦੇ ਕੁਝ ਨੇਤਾਵਾਂ ਨੇ ਵੀ ਤੁਹਾਡੇ ਫੈਸਲੇ ਦਾ ਸਮਰਥਨ ਕੀਤਾ ਸੀ। ਉਸ ਤੋਂ ਵੀ ਵੱਧ ਕੌਮੀ ਸਹਿਮਤੀ ਆਬਾਦੀ ਕੰਟਰੋਲ 'ਤੇ ਬਣ ਚੁੱਕੀ ਹੈ। ਮੈਂ ਇੱਕ ਵਾਰ ਫਿਰ ਇਸ ਚਿੱਠੀ ਰਾਹੀਂ ਤੁਹਾਨੂੰ ਵਿਸ਼ੇਸ਼ ਅਪੀਲ ਕਰ ਰਿਹਾ ਹਾਂ ਕਿ ਆਬਾਦੀ ਕੰਟਰੋਲ ਦਾ ਛੇਤੀ ਫੈਸਲਾ ਹੋਣਾ ਚਾਹੀਦਾ ਹੈ, ਸੱਚਮੁੱਚ ਪੂਰਾ ਦੇਸ਼ ਉਡੀਕ ਕਰ ਰਿਹਾ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
**647-739-4641**
**346-714-0224**



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |

Residential | Commercial | Investment

**Jagdish Grewal**
Sales Representative



(416) 970-5005
Office: 905-488-2100 Ext. 348

Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101

# ਅਸਲ ਬ੍ਰਹਮਗਿਆਨੀ

(ਹਰਜੀਤ ਦਿਓਲ, ਬਰੈਂਪਟਨ)

ਹਜਾਰਾਂ ਸਾਲ ਪਹਿਲਾਂ ਹਨੇਰੀਆਂ ਰਾਤਾਂ ਨੂੰ ਮਨੁੱਖ ਆਸਮਾਨ 'ਚ ਚਮਕਦੇ ਤਾਰਿਆਂ ਨੂੰ ਬੜੇ ਅਸਚਰਜ ਨਾਲ ਦੇਖਿਆ ਕਰਦਾ ਹੋਣੈ ਕਿਓਂਕਿ ਓਦੋਂ ਨਾ ਅੱਜ ਵਾਂਗ ਰੁਸ਼ਨਾਏ ਸ਼ਹਿਰ ਸਨ ਅਤੇ ਨਾ ਮਨੁੱਖ ਨੂੰ ਘਰਾਂ ਅੰਦਰ ਕੈਦ ਰੱਖਣ ਲਈ ਟੈਲੀਵਿਯਨ। ਰੋਜਾਨਾ ਤਾਰਿਆਂ ਦੀ ਇੱਕੋ ਜਿਹੀ ਸਥਿਤੀ ਨਾਲ ਭਾਵੇਂ ਮਨੁੱਖ ਚੰਗੀ ਤਰ੍ਹਾਂ ਵਾਕਫ ਹੋ ਗਿਆ ਸੀ ਪਰ ਇਹ ਕੀ ਹਨ ਇਸ ਪਾਸੋਂ ਲੰਮਾ ਸਮਾਂ ਅਣਜਾਣ ਹੀ ਰਿਹਾ। ਇਨ੍ਹਾਂ ਬਾਰੇ ਮਨੁੱਖੀ ਉਤਸੁਕਤਾ ਨੇ ਉਸ ਨੂੰ ਇਸ ਪਾਸੇ ਸੋਚਣ ਲਈ ਮਜਬੂਰ ਕੀਤਾ ਤਾਂ ਮਨੁੱਖੀ ਇਤਿਹਾਸ ਦੇ ਵਰਕਿਆਂ 'ਚ ਖਗੋਲ ਵਿਗਿਆਨ ਨੇ ਹਾਜਰੀ ਲਵਾਈ। ਬੁਝਾਰਤ ਬਣੀ ਕੁਦਰਤ ਨੂੰ ਸਮਝਣ ਲਈ ਮਨੁੱਖੀ ਦਿਮਾਗ ਹਰਕਤ 'ਚ ਆਇਆ ਭਾਵੇਂ ਉਸ ਵਕਤ ਵੀ ਇਨ੍ਹਾਂ ਕੁਦਰਤੀ ਵਰਤਾਰਿਆਂ ਨੂੰ ਕਿਸੇ ਦੈਵੀ ਸ਼ਕਤੀ ਨਾਲ ਜੋੜਨ ਤੱਕ ਸੀਮਤ ਰਹਿਣ ਵਾਲਿਆਂ ਦੀ ਵੀ ਕਮੀਂ ਨਹੀਂ ਸੀ। ਵਿਰਲੇ ਨਵੀਂਆਂ ਲੀਹਾਂ ਪਾਉਣ ਵਾਲੇ ਵੀ ਸਨ ਜਿਨ੍ਹਾਂ ਗੌਰ ਕੀਤਾ ਕਿ ਕੁਝ ਕੁ ਤਾਰੇ ਆਪਣੀ ਜਗ੍ਹਾ ਬਦਲਦੇ ਹਨ ਜਦਕਿ ਬਾਕੀ ਹਰ ਰਾਤ ਇੱਕੋ ਥਾਂ ਨਜਰ ਆਉਂਦੇ ਹਨ। ਪਹਿਲਾਂ ਸਿਰਫ ਪੰਜ ਗਤੀਸ਼ੀਲ ਤਾਰਿਆਂ ਬਾਰੇ ਪਤਾ ਲੱਗਾ ਜਿਨ੍ਹਾਂ ਨੂੰ 'ਪਲੈਨਟ'( ਗ੍ਰੀਕ ਭਾਸ਼ਾ 'ਚ ਘੁਮੱਕੜ) ਕਿਹਾ ਗਿਆ 'ਤੇ ਇਨ੍ਹਾਂ ਨੂੰ ਗ੍ਰੀਕ ਦੇਵਤਾਵਾਂ ਦੇ ਨਾਂਅ ਦਿੱਤੇ ਗਏ। ਸਭ ਤੋਂ ਚਮਕਦਾਰ ਨੂੰ ਪਿਆਰ ਅਤੇ ਸੁੰਦਰਤਾ ਦੇ ਦੇਵਤਾ ਵੀਨਸ, ਲਾਲ ਰੰਗ ਦਾ ਭਾਸਣ ਵਾਲੇ ਤਾਰੇ ਨੂੰ ਜੰਗ ਦੇ ਦੇਵਤਾ ਮਾਰਸ, ਦੂਜਾ ਚਮਕਦਾਰ ਤਾਰਾ ਸਭ ਦੇਵਤਿਆਂ ਦਾ ਮੁਖੀ ਜਿਊਪੀਟਰ ਅਤੇ ਤੇਜ ਗਤੀ ਨਾਲ ਚਲਣ ਵਾਲੇ ਤਾਰੇ ਨੂੰ ਦੇਵਤਾ ਦਾ ਸੰਦੇਸ਼ਵਾਹਕ ਮਰਕਰੀ ਦਾ ਨਾਂਅ ਦਿੱਤਾ ਗਿਆ। ਆਖਰੀ ਤਾਰਾ ਖੇਤੀਬਾੜੀ ਦਾ ਦੇਵਤਾ ਸੈਟਰਨ ਕਹਿਲਾਇਆ। ਸਨ 1610 ਈਸਵੀ ਤੱਕ ਇੰਨੀ ਹੀ ਜਾਣਕਾਰੀ ਮੌਜੂਦ ਰਹੀ।

ਇਟੈਲੀਅਨ ਵਿਗਿਆਨਕ ਗੈਲੀਲਿਓ ਗੈਲੀਲੀ ਉਨ੍ਹੀਂ ਦਿਨੀਂ ਨੀਦਰਲੈਂਡ ਵਿੱਚ ਈਜਾਦ ਹੋਏ ਇੱਕ ਅਦਭੁਤ ਯੰਤਰ 'ਟੈਲੀਸਕੋਪ' ਨਾਲ ਤਜਰਬੇ ਕਰਨ ਲੱਗਾ ਜੋ ਉਸ ਤੋਂ ਪਹਿਲਾਂ ਕਿਸੇ ਨੇ ਨਹੀਂ ਕੀਤਾ ਸੀ। ਪਹਿਲਾਂ ਟੈਲਿਸਕੋਪ ਸਿਰਫ ਜਹਾਜੀਆਂ ਅਤੇ ਜੰਗਾਂ ਲਈ ਵਰਤੋਂ 'ਚ ਲਿਆਂਦਾ ਗਿਆ ਪਰ ਜਦ ਗੈਲੀਲਿਓ ਇਸ ਦਾ ਮੂੰਹ ਆਕਾਸ਼ ਵੱਲ ਕਰ ਦਿੱਤਾ ਤਾਂ ਬ੍ਰਹਿਮੰਡ ਦੀ ਖੋਜ ਵੱਲ ਮਨੁੱਖ ਦਾ ਪਹਿਲਾ ਕਦਮ ਪੁੱਟਿਆ ਗਿਆ। ਚੰਨ ਜਿਸ ਨੂੰ ਲੋਕ ਸਿਰਫ ਇੱਕ ਚਮਕਦਾਰ ਧਾਤੂ ਦਾ ਗੋਲਾ ਸਮਝਦੇ ਸਨ ਟੈਲਿਸਕੋਪ ਰਾਹੀਂ ਦੇਖਿਆਂ ਧਰਤੀ ਵਰਗਾ ਗ੍ਰਹਿ ਨਜਰੀਂ ਆਇਆ। ਹੁਣ ਖਗੋਲ ਵਿ-ਗਆਨ ਨੇ ਰੇਸ ਫੜ ਲਈ। ਪਤਾ ਲੱਗਾ ਕਿ ਪੰਜ ਪਲੈਨਟ ਇੱਕ ਤਰ੍ਹਾਂ ਨਾਲ ਧਰਤੀਆਂ ਹੀ ਹਨ ਅਤੇ ਵੱਡੇ ਜਿਊਪੀਟਰ ਦੁਆਲੇ ਵੀ ਕਈ ਚੰਨ ਘੁੰਮ ਰਹੇ ਹਨ। ਜਿਵੇਂ ਕਿ ਅੱਜ ਵੀ ਹੁੰਦਾ ਹੈ ਧਾਰਮਕ ਚਰਚਾਂ ਇਸ ਦਾ ਵਿਰੋਧ ਕੀਤਾ ਪਰ ਨਿੱਤ ਹੋ ਰਹੀਆਂ ਨਵੀਂਆਂ ਖੋਜਾਂ ਅੱਗੇ ਆਖਰ ਹਾਰ ਮੰਨਣੀ ਪਈ। ਇਨ੍ਹਾਂ ਗ੍ਰਹਾਂ ਉੱਪਰ ਜੀਵਨ ਦੇ ਕਿਆਸੇ ਲੱਗਣ ਲੱਗੇ ਅਤੇ ਏਲੀਅਨਸ ਬਾਰੇ ਕਈ ਕਾਲਪਨਿਕ ਨਾਵਲ ਲਿਖੇ ਗਏ। 1781 ਈਸਵੀ 'ਚ ਬ੍ਰਿਟਿਸ਼ ਖਗੋਲ ਵਿਗਿਆਨੀ ਵਿਲਿਅਮ ਹਰਸ਼ਲ ਨੇ ਹੋਰ ਵਿਕਸਿਤ ਹੋ ਗਈਆਂ ਦੂਰਬੀਨਾਂ (ਟੈਲਿਸਕੋਪ) ਰਾਹੀਂ ਇੱਕ ਹੋਰ ਗ੍ਰਹਿ ਦਾ ਪਤਾ ਲਾਇਆ ਜਿਸ ਨੂੰ ਆਕਾਸ਼ ਦੇ ਦੇਵਤਾ ਯੁਰੇਨਸ ਦਾ ਨਾਂਅ ਦਿੱਤਾ ਗਿਆ। ਇਸ ਮਗਰੋਂ ਇੱਕ ਤੋਂ ਬਾਅਦ ਦੂਜੇ ਵਿਗਿਆਨਕਾਂ ਇਨ੍ਹਾਂ ਖੋਜਾਂ ਨੂੰ ਅੱਗੇ ਤੋਰਦੇ ਰਹੇ ਅਤੇ ਪਿਛਲੇ ਕੱਮਾਂ ਦੇ ਨਤੀਜਿਆਂ ਨੂੰ ਵਰਤਦੇ ਹੋਏ ਹੋਰ ਅੱਗੇ ਵਧਦੇ ਰਹੇ। ਇਹ ਬ੍ਰਹਮਗਿਆਨੀ ਸਨ ਰੈਵਰੈਂਡ ਟੀ ਜੇ ਹਸੇ (1834) ਜੌਹਨ ਕਾਊਚ ਅਡਮ, ਅਰਬਨ ਲੀ ਵਰੀਅਰ ਅਤੇ ਜੌਹਨ ਗੈਲੇ। ਸੱਤਵੇਂ ਗ੍ਰਹਿ ਨੈਪਚੂਨ ਦੀ ਖੋਜ ਬਾਅਦ ਲੰਮਾ ਸਮਾਂ ਕਿਸੇ ਹੋਰ ਗ੍ਰਹਿ ਦਾ ਪਤਾ ਨਾ ਲੱਗਾ ਪਰ ਅਚਾਨਕ 1859 ਵਿੱਚ ਫਰਾਂਸੀਸੀ ਵਿਗਿਆਨਕ ਅਡਮੰਡ ਲਸਬਾਲਟ ਇੱਕ ਹੋਰ ਨਵੇਂ ਗ੍ਰਹਿ ਪਲੂਟੋ ਦਾ ਪਤਾ ਲਾ ਕੇ ਦੁਨਿਆਂ ਨੂੰ ਹੈਰਾਨ ਕਰ ਦਿੱਤਾ। ਇਹ ਹੁਣ ਤੱਕ ਲੱਭਿਆ ਅਖੀਰਲਾ ਸਭ ਤੋਂ ਛੋਟਾ ਗ੍ਰਹਿ ਹੈ ਜਿਸ ਦਾ ਵਿਆਸ ਸਿਰਫ 2400 ਕਿਲੋਮੀਟਰ ਹੈ ਅਤੇ ਇਹ ਸਾਡੇ ਤੋਂ ਕੋਈ ਪੌਣੇ ਛੇ ਹਜਾਰ ਮਿਲਿਅਨ ਕਿਲੋਮੀਟਰ ਦੂਰ ਹੈ। ਵਿਗਿਆਨ ਵਿੱਚ ਹੋਏ ਚਮਤਕਾਰੀ ਵਿਕਾਸ ਨੇ ਅੱਜ ਮਨੁੱਖ ਨੂੰ ਜੋ ਜਾਣਕਾਰੀਆਂ ਉਪਲਬਧ ਕਰਾਈਆਂ ਹਨ ਅਸਚਰਜ ਦੀਆਂ ਸੀਮਾਂਵਾਂ ਟੱਪ ਗਈਆਂ ਹਨ। ਆਕਾਸ਼ 'ਚ ਚਮਕਦੇ ਤਾਰੇ ਅਣਗਿਣਤ ਸੂਰਜ ਹਨ ਅਤੇ ਉਨ੍ਹਾਂ ਦੁਆਲੇ ਘੁੰਮਦੇ ਅਣਗਿਣਤ ਗ੍ਰਹਾਂ ਬਾਰੇ ਨਿੱਤ ਨਵੀਂਆਂ ਜਾਣਕਾਰੀਆਂ ਨਸ਼ਰ ਹੋ ਰਹੀਆਂ ਹਨ। ਸਭ ਤੋਂ ਨੇੜਲਾ ਸੂਰਜ ਮੰਡਲ ਸਾਡੇ ਤੋਂ ਸਾਢੇ ਚਾਰ ਪ੍ਰਕਾਸ਼ ਵਰ੍ਹੇ ਦੂਰ ਹੈ। ਪ੍ਰਕਾਸ਼ ਇੱਕ ਸਕਿੰਟ ਵਿੱਚ ਤਿੰਨ ਲੱਖ ਕਿਲੋਮੀਟਰ ਚਲਦਾ ਹੈ। ਜੇ ਇਸ ਗਤੀ ਨਾਲ ਚੱਲੀਏ ਤਾਂ 4.5 ਸਾਲ ਵਿੱਚ ਓਥੇ ਅਪੜਾਂਗੇ। ਹੁਣ ਦੱਸੋ ਚਿੱਟੇ ਚੋਗਿਆਂ ਜਾਂ ਭਗਵੇਂ ਲਿਬਾਸ ਵਿੱਚ ਵਿਚਰਦੇ ਅਖੌਤੀ ਬ੍ਰਹਮਗਿਆਨੀਆਂ ਜਿਨ੍ਹਾਂ ਨੂੰ ਸ਼ਾਇਦ ਧਰਤੀ ਦੇ ਵਿਆਸ ਦਾ ਵੀ ਪਤਾ ਨਾ ਹੋਵੇ ਕਿਸ ਗਿਆਨ ਦੀਆਂ ਪੰਡਾਂ ਲਈ ਫਿਰਦੇ ਹਨ। ਪਰ ਅਸਲ ਬ੍ਰਹਮਗਿਆਨੀਆਂ ਨਾਲ ਰੂਬਰੂ ਹੋਣ ਲਈ ਤੁਹਾਨੂੰ ਚੁੱਪ ਚੁਪੀਤੇ ਕਿਸੇ ਲਾਈਬਰੇਰੀ ਵਿੱਚ ਜਾ ਬੈਠਣਾ ਹੋਵੇਗਾ ਜਿੱਥੇ ਬਿਨਾ ਆਪਣੀ ਜੇਬ ਨੂੰ ਕੁੰਡੀ ਲਵਾਇਆਂ ਤੁਸੀਂ ਮਾਨਵਤਾ ਦੇ ਮਸੀਹਿਆਂ ਨਾਲ ਮੁਲਾਕਾਤਾਂ ਕਰ ਵਿਲੱਖਣ ਇਨਸਾਨੀ ਦਿਮਾਗ ਦੀ ਥਾਹ ਪਾ ਸਕਦੇ ਹੋ। ਜਰੂਰਤ ਹੈ ਤਾਂ ਸਿਰਫ ਵਕਤ ਬਰਬਾਦ ਕਰਨ ਵਾਲੇ ਨਕਲੀ ਬ੍ਰਹਮਗਿਆਨੀਆਂ ਤੋਂ ਖਹਿੜਾ ਛੁਡਾਉਣ ਦੀ। .. ਧੰਨਵਾਦ

## ਹਲਕਾ ਫੁਲਕਾ

ਰੇਲ ਯਾਤਰੀ (ਗਾਰਡ ਨੂੰ), ''ਜਨਾਬ, ਇਹ ਗੱਡੀ ਪੰਜ ਕੁ ਮਿੰਟ ਰੁਕ ਨਹੀਂ ਸਕਦੀ? ਮੈਂ ਇੱਕ ਕੱਪ ਚਾਹ ਪੀਣਾ ਚਾਹੁੰਦਾ ਸੀ।''

ਗਾਰਡ, ''ਇਸ ਦਾ ਸਭ ਤੋਂ ਆਸਾਨ ਤਰੀਕਾ ਹੈ ਕਿ ਮੈਨੂੰ ਵੀ ਆਪਣੇ ਨਾਲ ਚਾਹ ਪੀਣ ਲੈ ਚੱਲ।''

*********

ਰਾਧਾ (ਟੀਚਰ ਨੂੰ), ''ਮੈਂ ਕੋਈ ਵਿਦੇਸ਼ਾ ਭਾਸ਼ਾ ਸਿੱਖਣਾ ਚਾਹੁੰਦੀ ਹਾਂ।''

ਟੀਚਰ, ''ਕਿਹੜੀ ਭਾਸ਼ਾ ਸਿੱਖਣਾ ਚਾਹੁੰਦੇ ਹੋ, ਫ੍ਰੈਂਚ, ਜਾਪਾਨੀ, ਸਪੈਨਿਸ਼ ਜਾਂ ਕੋਈ ਹੋਰ?''

ਰਾਧਾ, ''ਜੀ, ਜਿਹੜੀ ਸਭ ਤੋਂ ਵੱਧ ਵਿਦੇਸ਼ੀ ਹੋਵੇ।''


*********

ਸੈਕਟਰੀ ਨੇ ਨੇਤਾ ਜੀ ਤੋਂ ਪੁੱਛਿਆ, ''ਸਰ ਤੁਸੀਂ ਜੁੱਤੀਆਂ ਦੀ ਫੈਕਟਰੀ ਦਾ ਉਦਘਾਟਨ ਕਰਨ ਦਾ ਸੱਦਾ ਸਵੀਕਾਰ ਕਿਉਂ ਨਹੀਂ ਕੀਤਾ?''

ਨੇਤਾ ਜੀ ਬੋਲੇ, ''ਪਿਛਲੀਆਂ ਚੋਣਾਂ ਦਾ ਮੈਨੂੰ ਤਜਰਬਾ ਹੋ ਚੁੱਕਾ ਹੈ। ਜੁੱਤੀਆਂ, ਚੱਪਲਾਂ ਜਿੰਨੀਆਂ ਘੱਟ ਬਣਨ, ਓਨਾ ਹੀ ਚੰਗਾ ਹੈ।''

# ਭਾਖੜਾ ਡੈਮ ਅਤੇ ਹੜ੍ਹਾਂ ਦੀਆਂ ਮੁਸੀਬਤਾਂ

-ਵੀ ਪੀ ਸ਼ਰਮਾ





ਜੇ ਭਾਖੜਾ ਡੈਮ ਦੇ ਬਣਨ ਤੋਂ ਪਹਿਲਾਂ ਦੇ ਇਤਿਹਾਸ ਨੂੰ ਦੇਖੀਏ ਤਾਂ ਅਣਵੰਡੇ ਪੰਜਾਬ ਨੂੰ ਲਗਭਗ ਹਰ ਸਾਲ ਹੜ੍ਹਾਂ ਦੀ ਮਾਰ ਸਹਿਣੀ ਪੈਂਦੀ ਸੀ। ਅਸਲੀਅਤ ਇਹ ਹੈ ਕਿ ਭਾਖੜਾ ਡੈਮ ਬਣਨ ਦੇ ਵੱਖ-ਵੱਖ ਉਦੇਸ਼ਾਂ 'ਚੋਂ ਇੱਕ ਸਤਲੁਜ ਨਦੀ ਵਿੱਚ ਹਰ ਸਾਲ ਆਉਣ ਵਾਲੇ ਹੜ੍ਹਾਂ 'ਤੇ ਨਕੇਲ ਪਾਉਣਾ ਵੀ ਸੀ। ਬੰਨ੍ਹ ਦੇ ਬਣਨ ਤੋਂ ਪਹਿਲਾਂ ਸਤਲੁਜ ਨਦੀ ਦੇ ਵਹਾਅ ਦੀ ਚੌੜਾਈ ਅੱਠ ਤੋਂ 10 ਕਿਲੋਮੀਟਰ ਹੁੰਦੀ ਸੀ, ਜਿਸ ਨਾਲ ਮਾਨਸੂਨ ਦੇ ਦਿਨਾਂ ਵਿੱਚ ਹਰ ਸਮੇਂ ਹੜ੍ਹ ਵਰਗੀ ਸਥਿਤੀ ਬਣੀ ਰਹਿੰਦੀ ਸੀ, ਜੋ ਡੈਮ ਦੇ ਬਣਨ ਤੋਂ ਬਾਅਦ ਸੁੰਗੜ ਕੇ ਇੱਕ ਡੇਢ ਕਿਲੋਮੀਟਰ ਰਹਿ ਗਈ ਹੈ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ, ਭਾਵ ਬੀ ਬੀ ਐੱਮ ਬੀ, ਪੂਰੇ ਸਾਲ ਵਿੱਚ 32 ਮਿਲੀਅਨ ਏਕੜ ਫੁੱਟ ਪਾਣੀ ਦੀ ਰੈਗੂਲੇਸ਼ਨ ਕਰਦਾ ਹੈ। ਇਸ ਵਿੱਚ ਕਰੀਬ 13 ਮਿਲੀਅਨ ਏਕੜ ਫੁੱਟ ਸਤਲੁਜ ਦਾ ਆਪਣਾ ਪਾਣੀ ਹੈ। ਕਰੀਬ ਚਾਰ ਮਿਲੀਅਨ ਏਕੜ ਫੁੱਟ ਪਾਣੀ ਬਿਆਸ ਸਤਲੁਜ ਲਿੰਕ ਰਾਹੀਂ ਬਿਜਲੀ ਬਣਾ ਕੇ ਬਿਆਸ ਤੋਂ ਸਤਲੁਜ ਨਦੀ 'ਚ ਦੇਹਰ ਨਾਂਅ ਦੀ ਜਗ੍ਹਾ 'ਤੇ ਪਾਇਆ ਜਾਂਦਾ ਹੈ। ਅੱਠ ਮਿਲੀਅਨ ਏਕੜ ਫੁੱਟ ਪਾਣੀ ਬਿਆਸ ਨਦੀ ਦਾ ਹੈ, ਜਿਸ 'ਤੇ ਪੌਂਗ ਨਾਂਅ ਦਾ ਬੰਨ੍ਹ ਬਣਾਇਆ ਗਿਆ ਹੈ ਅਤੇ ਸੱਤ ਮਿਲੀਅਨ ਏਕੜ ਫੁੱਟ ਪਾਣੀ ਰਾਵੀ ਨਦੀ ਦਾ ਹੈ। ਰਾਵੀ ਨਦੀ 'ਤੇ ਥੀਨ ਡੈਮ, ਜਿਸ ਨੂੰ ਰਣਜੀਤ ਸਾਗਰ ਡੈਮ ਵੀ ਕਿਹਾ ਜਾਂਦਾ ਹੈ, ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ ਹੈ, ਪਰ ਰਾਵੀ ਨਦੀ ਦੇ ਪਾਣੀ ਦਾ ਰੈਗੂਲੇਸ਼ਨ ਵੀ ਏਸੇ ਬੀ ਬੀ ਐਮ ਬੀ ਵੱਲੋਂ ਪੰਜਾਬ ਸਰਕਾਰ ਨਾਲ ਵਿਚਾਰ-ਵਟਾਂਦਰਾ ਕਰ ਕੇ ਕੀਤਾ ਜਾਂਦਾ ਹੈ ਕਿਉਕਿ ਸਿੰਚਾਈ ਅਤੇ ਪੀਣ ਵਾਲੇ ਪਾਣੀ ਦੇ ਪ੍ਰਬੰਧ ਨੂੰ ਯਕੀਨੀ ਕਰਨ ਦੀ ਜ਼ਿੰਮੇਵਾਰੀ ਬੀ ਬੀ ਐੱਮ ਬੀ ਕੋਲ ਹੈ।

ਭਾਖੜਾ ਡੈਮ ਦੀ ਕੁੱਲ ਭੰਡਾਰ ਸਮਰੱਥਾ 1685 ਫੁੱਟ ਦੇ ਲੈਵਲ ਉੱਤੇ 7.80 ਮਿਲੀਅਨ ਏਕੜ ਹੈ ਅਤੇ ਪੌਂਗ ਡੈਮ ਦੀ 1400 ਫੁੱਟ 'ਤੇ 6.95 ਮਿਲੀਅਨ ਏਕੜ ਫੁੱਟ ਹੈ। ਭਾਖੜਾ ਡੈਮ ਦਾ ਫਿਲਿੰਗ ਪੀਰੀਅਡ 21 ਮਈ ਤੋਂ 20 ਸਤੰਬਰ ਤੱਕ ਮੰਨਿਆ ਜਾਂਦਾ ਹੈ, ਜਦ ਕਿ ਪੌਂਡ ਦਾ 21 ਜੂਨ ਤੋਂ ਸ਼ੁਰੂ ਹੁੰਦਾ ਹੈ। ਭਾਖੜਾ ਵਿੱਚ ਪਾਣੀ ਭਰਨ ਦੇ ਦੋ ਸੋਮੇ ਹਨ: 50 ਫੀਸਦੀ ਪਾਣੀ ਮੀਂਹ ਦਾ ਆਉਂਦਾ ਹੈ ਅਤੇ 50 ਫੀਸਦੀ ਪਾਣੀ ਬਰਫ ਦੇ ਪਿਘਲਣ ਨਾਲ ਆਉਂਦਾ ਹੈ, ਜਦ ਕਿ ਪੌਂਗ ਡੈਮ 'ਚ ਮੀਂਹ ਨਾਲ ਅੱਸੀ ਫੀਸਦੀ ਅਤੇ ਬਰਫ ਨਾਲ 20 ਫੀਸਦੀ ਹੈ।

ਪਹਿਲਾਂ ਇਸ ਦੇ ਭਰਨ ਦਾ ਲੈਵਲ 1685 ਫੁੱਟ ਸੀ, ਜੋ 1988 ਵਿੱਚ ਆਏ ਹੜ੍ਹਾਂ ਤੋਂ ਬਾਅਦ ਪੰਜ ਫੁੱਟ ਘਟਾ ਕੇ 1680 ਫੁੱਟ ਕਰ ਦਿੱਤਾ ਗਿਆ ਸੀ। ਕਿਸੇ ਅਣਹੋਣੀ ਦੇ ਖਦਸ਼ੇ ਤੋਂ ਬਚਣ ਲਈ ਪੌਂਗ ਡੈਮ 'ਚ ਪਾਣੀ ਭਰਨ ਦਾ ਲੈਵਲ ਵੀ 1400 ਫੁੱਟ ਤੋਂ ਘਟਾ ਕੇ 1390 ਫੁੱਟ ਕਰ ਦਿੱਤਾ ਗਿਆ ਸੀ। ਇਨ੍ਹਾਂ ਦੋਵਾਂ ਡੈਮਾਂ ਦੇ ਲੈਵਲ ਨੂੰ ਘੱਟ ਕਰਨ ਦਾ ਲਗਭਗ ਹਿੱਸੇਦਾਰ ਸੂਬਿਆਂ ਨੂੰ ਤਿੰਨ ਮਿਲੀਅਨ ਏਕੜ ਫੁੱਟ ਪਾਣੀ ਦਾ ਹਰ ਸਾਲ ਨੁਕਸਾਨ ਸਹਿਣਾ ਪੈਂਦਾ ਹੈ।

ਇਸ ਦੇ ਬੋਰਡ 'ਚ ਇੱਕ ਚੇਅਰਮੈਨ, ਦੋ ਪੂਰੇ ਸਮੇਂ ਦੇ ਮੈਂਬਰ, ਇੱਕ ਹਰਿਆਣਾ ਤੋਂ ਅਤੇ ਇੱਕ ਪੰਜਾਬ ਤੋਂ, ਚਾਰ ਮੈਂਬਰ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਰਾਜਾਂ ਦੀਆਂ ਸਰਕਾਰਾਂ ਦੇ ਪਾਣੀ-ਬਿਜਲੀ ਦੇ ਸਕੱਤਰ ਹੁੰਦੇ ਹਨ। ਇੱਕ ਮੈਂਬਰ ਜਾਇੰਟ ਸੈਕਟਰੀ, ਹਾਈਡ੍ਰੋ, ਭਾਰਤ ਸਰਕਾਰ ਅਤੇ ਇੱਕ ਮੈਂਬਰ ਇੰਡਸ ਕਮਿਸ਼ਨਰ ਹੁੰਦੇ ਹਨ, ਜੋ ਸਰਵੇ ਸਰਵਾ ਹੁੰਦੇ ਹਨ। ਇਸ ਨੂੰ ਧਿਆਨ ਨਾਲ ਦੇਖੀਏ ਤਾਂ ਨੌਂ ਆਦਮੀਆਂ ਦੇ ਬੋਰਡ ਵਿੱਚ ਦੋ ਮੈਂਬਰ ਪੰਜਾਬ ਤੋਂ ਹਨ ਅਤੇ ਦੋ ਹਰਿਆਣਾ ਤੋਂ ਹਨ। ਇਨ੍ਹਾਂ ਸਾਰਿਆਂ ਨੇ 1988 ਵਿੱਚ ਆਏ ਹੜ੍ਹ ਤੋਂ ਬਾਅਦ ਰਿਜ਼ਰਵਾਇਰ ਮੈਨੇਜਮੈਂਟ ਨਾਲ ਸੰਬੰਧਤ ਫੈਸਲੇ ਲਏ, ਜਿਨ੍ਹਾਂ ਅਨੁਸਾਰ 31 ਜੁਲਾਈ ਨੂੰ ਭਾਖੜਾ ਡੈਮ ਦਾ ਲੈਵਲ 1650 ਫੁੱਟ ਤੋਂ ਵੱਧ ਨਹੀਂ ਰੱਖਿਆ ਜਾਵੇਗਾ। 15 ਅਗਸਤ ਨੂੰ ਇਸ ਲੈਵਲ ਨੂੰ ਵਧਾ ਕੇ 1670 ਫੁੱਟ ਤੱਕ ਲਿਜਾਇਆ ਜਾ ਸਕਦਾ ਹੈ ਅਤੇ 31 ਅਗਸਤ ਤੱਕ ਇਹ ਲੈਵਲ 1680 ਫੁੱਟ ਕੀਤਾ ਜਾ ਸਕਦਾ ਹੈ ਅਤੇ 1680 ਫੁੱਟ ਦੇ ਉਪਰ ਹੜ੍ਹ ਆਦਿ ਨੂੰ ਧਿਆਨ ਵਿੱਚ ਰੱਖਦਿਆਂ ਲੈਵਲ ਨੂੰ ਇੱਕ-ਦੋ ਫੁੱਟ ਹੋਰ ਉਪਰ ਲਿਜਾਇਆ ਜਾ ਸਕਦਾ ਹੈ, ਪਰ ਜਦੋਂ ਭਾਖੜਾ ਡੈਮ ਦੇ ਡਾਊਨ ਸਟਰੀਮ ਵਿੱਚ ਹਾਲਾਤ ਨਾਰਮਲ ਹੁੰਦੇ ਹਨ ਤਾਂ ਪਾਣੀ ਨੂੰ ਦੋ-ਤਿੰਨ ਦਿਨਾਂ ਵਿੱਚ ਛੱਡ ਕੇ ਲੈਵਲ ਨੂੰ ਫਿਰ 1680 ਫੁੱਟ ਤੱਕ ਲਿਆਉਣਾ ਹੁੰਦਾ ਹੈ।

ਇਸ ਤੋਂ ਇਲਾਵਾ ਬੀ ਬੀ ਐੱਮ ਬੀ ਹਰ ਮਹੀਨੇ ਦੇ ਅਖੀਰ ਵਿੱਚ ਅਗਲੇ ਮਹੀਨੇ ਲਈ ਪਾਣੀ ਨੂੰ ਛੱਡਣ ਵਾਸਤੇ ਇੱਕ ਟੈਕਨੀਕਲ ਕਮੇਟੀ ਦੀ ਬੈਠਕ ਕਰਦਾ ਹੈ, ਜਿਸ ਵਿੱਚ ਸਾਰੇ ਹਿੱਸੇਦਾਰ ਸੂਬਿਆਂ ਦੇ ਸੰਬੰਧਤ ਚੀਫ ਇੰਜੀਨੀਅਰ ਹੁੰਦੇ ਹਨ, ਜੋ ਪਾਣੀ ਅਤੇ ਬਿਜਲੀ ਬਾਰੇ ਫੈਸਲੇ ਲੈਂਦੇ ਹਨ। ਸਾਰਾ ਕੰਮ ਸਭ ਦੀ ਸਹਿਮਤੀ ਨਾਲ ਹੁੰਦਾ ਹੈ। ਇਸੇ ਲਈ ਅੱਜ ਤੱਕ ਬਿਜਲੀ ਪਾਣੀ ਦੀ ਵੰਡ ਉੱਤੇ ਬੀ ਬੀ ਐਮ ਬੀ ਵਿੱਚ ਕਦੇ ਵਿਵਾਦ ਨਹੀਂ ਹੋਇਆ।

ਬੀ ਬੀ ਐੱਮ ਬੀ ਦੀ ਸਭ ਤੋਂ ਅਹਿਮ ਜ਼ਿੰਮੇਵਾਰੀ ਇਸ ਦੇ ਹਿੱਸੇਦਾਰ ਰਾਜਾਂ ਨੂੰ ਸਿੰਜਾਈ, ਪੀਣ ਲਈ ਪਾਣੀ ਅਤੇ ਬਿਜਲੀ ਦੀ ਸਪਲਾਈ ਯਕੀਨੀ ਕਰਨਾ ਹੈ। ਇਹ ਬੋਰਡ ਹਰ ਸਾਲ ਇੱਕ ਕਰੋੜ 25 ਲੱਖ ਏਕੜ ਜ਼ਮੀਨ ਵਿੱਚ ਸਿੰਜਾਈ ਲਈ ਪਾਣੀ ਦਿੰਦਾ ਹੈ। ਇਸ ਲਈ ਬੀ ਬੀ ਐੱਮ ਬੀ ਨੇ ਇਹ ਯਕੀਨੀ ਕਰਨਾ ਹੈ ਕਿ ਇਸ ਦੇ ਅਧੀਨ ਜੋ ਡੈਮ ਹਨ, ਉਹ ਭਰੇ ਹੋਣ। ਤੁਹਾਨੂੰ ਯਾਦ ਹੋਵੇਗਾ ਕਿ ਇਸ ਸਾਲ ਪੂਰੇ ਦੇਸ਼ ਵਿੱਚ ਲਗਭਗ ਸਾਰੇ ਡੈਮ ਖਾਲੀ ਪਏ ਹੋਏ ਸਨ, ਸਿਰਫ ਬੀ ਬੀ ਐੱਮ ਬੀ ਦੇ ਡੈਮ ਭਰੇ ਹੋਏ ਸਨ।

ਬੀ ਬੀ ਐੱਮ ਬੀ ਦੀ ਦੂਜੀ ਚੁਣੌਤੀ ਹੈ ਕਿ ਜੋ ਵੀ ਪਾਣੀ ਛੱਡਿਆ ਜਾਵੇ, ਉਸ ਨਾਲ ਬਿਜਲੀ ਬਣੇ। ਤੀਜੀ ਚੁਣੌਤੀ ਹੈ ਜਦੋਂ ਡੈਮ ਦਾ ਫਿਲਿੰਗ ਪੀਰੀਅਡ ਖਤਮ ਹੋਵੇ ਤਾਂ ਡੈਮ ਦੇ ਡੈੱਡ ਸਟੋਰੇਜ ਲੈਵਲ ਤੋਂ ਕੁਝ ਪਾਣੀ ਉਸ ਦੇ ਕੋਲ ਜ਼ਿਆਦਾ ਹੋਵੇ, ਕਿਉਂਕਿ ਹੋ ਸਕਦਾ ਹੈ ਕਿ ਅਗਲੇ ਸਾਲ ਕਮਜ਼ੋਰ ਮਾਨਸੂਨ ਹੋਵੇ ਅਤੇ ਡੈੱਮ ਵਿੱਚ ਨਵਾਂ ਪਾਣੀ ਨਾ ਭਰ ਸਕਣ ਦੀ ਸਥਿਤੀ ਵਿੱਚ ਸਿੰਜਾਈ ਲਈ ਰਾਜਾਂ ਨੂੰ ਪਾਣੀ ਮਿਲਦਾ ਰਹੇ। ਬੀ ਬੀ ਐੱਮ ਬੀ ਦੀ ਅਗਲੀ ਚੁਣੌਤੀ ਹੈ ਡੈਮ ਸੇਫਟੀ। ਇਹ ਗੱਲ ਸਭ ਨੂੰ ਪਤਾ ਹੈ ਕਿ ਭਾਖੜਾ ਡੈਮ ਤੋਂ ਪਹਿਲਾਂ ਉੱਤਰੀ ਭਾਰਤ ਦੀ ਹਾਲਤ ਚੰਗੀ ਨਹੀਂ ਸੀ ਅਤੇ ਜੋ ਕੁਝ ਖੁਸ਼ਹਾਲੀ ਅਸੀਂ ਦੇਖ ਰਹੇ ਹਾਂ, ਉਸ ਵਿੱਚ ਭਾਖੜਾ ਡੈਮ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਵੀ ਸਹੀ ਹੈ ਕਿ ਜ਼ਿਆਦਾ ਪਾਣੀ ਜਮ੍ਹਾ ਕਰਨ ਦੇ ਚੱਕਰ ਵਿੱਚ ਜੇ ਡੈਮ ਟੁੱਟ ਜਾਂਦਾ ਹੈ ਤਾਂ ਉਸ ਸਮੇਂ ਜੋ ਤਬਾਹੀ ਹੋਵੇਗੀ, ਉਸ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਅਤੇ ਉਸ ਤੋਂ ਬਾਅਦ ਸਿੰਜਾਈ ਤੇ ਬਿਜਲੀ ਦੀਆਂ ਜੋ ਸਮੱਸਿਆਵਾਂ ਹੋਣਗੀਆਂ, ਉਹ ਸਥਾਈ ਹੋਣਗੀਆਂ। ਬੀ ਬੀ ਐੱਮ ਬੀ ਹਰ ਸਮੇਂ ਆਲੋਚਕਾਂ ਦੇ ਨਿਸ਼ਾਨੇ 'ਤੇ ਰਹਿੰਦਾ ਹੈ। ਡੈਮ ਨੂੰ ਖਾਲੀ ਕਿਉਂ ਰੱਖਿਆ ਗਿਆ ਤੇ ਜੇ ਪੰਜਾਬ ਵਿੱਚ ਹੜ੍ਹ ਹੋਣ ਤਾਂ ਇਸ ਨੂੰ ਭਰਿਆ ਕਿਉਂ ਹੈ? ਦੋ ਮਹੀਨੇ ਪਹਿਲਾਂ ਜਦੋਂ ਪੰਜਾਬ ਵਿੱਚ ਹੜ੍ਹ ਨਹੀਂ ਸਨ ਤਾਂ ਲੈਵਲ ਘੱਟ ਕਰਨ ਲਈ ਕੁਝ ਪਾਣੀ ਛੱਡਿਆ ਜਾਣ ਉੱਤੇ ਆਵਾਜ਼ਾਂ ਉਠੀਆਂ ਸਨ ਕਿ ਪਾਣੀ ਨੂੰ ਵਿਅਰਥ ਵਿੱਚ ਪਾਕਿਸਤਾਨ ਭੇਜਿਆ ਜਾ ਰਿਹਾ ਹੈ।

ਜਿੱਥੋਂ ਤੱਕ ਮਾਨਸੂਨ ਦੀ ਭਵਿੱਖਬਾਣੀ ਦਾ ਸਵਾਲ ਹੈ, ਇਸ ਬਾਰੇ ਵਿਭਾਗ ਸਿਰਫ ਇੱਕ ਬਾਹਰੀ ਦਿਸ਼ਾ ਨਿਰਦੇਸ਼ ਦਿੰਦਾ ਹੈ। ਵਾਰ ਵਾਰ ਆਪਣੀਆਂ ਕੀਤੀਆਂ ਭਵਿੱਖਬਾਣੀਆਂ ਨੂੰ ਬਦਲਦਾ ਰਹਿੰਦਾ ਹੈ। ਕਦੇ ਬੱਦਲ ਮੁੜ ਗਏ, ਕਦੇ ਬੱਦਲ ਆ ਗਏ। ਮਾਨਸੂਨ ਵਿਭਾਗ ਕਦੇ ਬੱਦਲਣ ਫਟਣ ਦੀ ਭਵਿੱਖਬਾਣੀ ਨਹੀਂ ਕਰਦਾ। ਜੇ ਰਿਜ਼ਰਵਾਇਰ ਦੇ ਕੈਚਮੈਂਟ ਏਰੀਆ ਵਿੱਚ ਇੱਕ ਦੋ ਬੱਦਲ ਫਟ ਜਾਣ ਤਾਂ ਸਾਰਾ ਹਿਸਾਬ ਕਿਤਾਬ ਗੜਬੜਾ ਜਾਂਦਾ ਹੈ ਅਤੇ ਡੈਮ ਵਿੱਚ ਕਈ ਲੱਖ ਕਿਊਸਿਕ ਪਾਣੀ ਆ ਜਾਂਦਾ ਹੈ। ਅਜਿਹਾ ਬਹੁਤ ਵਾਰ ਹੁੰਦਾ ਹੈ ਅਤੇ ਨਹੀਂ ਵੀ ਹੁੰਦਾ। ਕਈ ਵਾਰ ਅਜਿਹੀ ਸਥਿਤੀ ਹੁੰਦੀ ਹੈ ਕਿ ਜਦੋਂ ਬਰਫ ਦੇ ਪਿਘਲਣ ਦਾ ਸਮਾਂ ਹੁੰਦਾ ਹੈ ਤਾਂ ਬਰਫ ਦੇ ਉਪਰ ਬੱਦਲ ਧੁੱਪ ਰੋਕ ਕੇ ਛਾਂ ਕਰ ਦਿੰਦੇ ਹਨ, ਨਾ ਵਰ੍ਹਦੇ ਹਨ ਅਤੇ ਨਾ ਬਰਫ ਪਿਘਲਣ ਦਿੰਦੇ ਹਨ। ਬੀ ਬੀ ਐੱਮ ਬੀ ਦੇ ਅਧਿਕਾਰੀ ਆਈ ਐਮ ਡੀ ਦੀ ਭਵਿੱਖਬਾਣੀ ਦੇ ਕਾਗਜ਼ ਅੱਗੇ ਪਿੱਛੇ ਕਰ ਕੇ ਦੇਖਦੇ ਰਹਿੰਦੇ ਹਨ ਕਿ ਕਿਤੇ ਇਸ ਸਥਿਤੀ ਦਾ ਵੀ ਇਲਾਜ ਲਿਖਿਆ ਹੈ ਕਿ ਨਹੀਂ?

ਇਹ ਪੰਜਾਬ ਅਤੇ ਬੀ ਬੀ ਐੱਮ ਬੀ ਦੋਵਾਂ ਦੀ ਬਦਕਿਸਮਤੀ ਹੈ ਕਿ ਪੰਜਾਬ ਨੂੰ ਹੜ੍ਹਾਂ ਦੀ ਮਾਰ ਸਹਿਣੀ ਪੈਂਦੀ ਹੈ ਅਤੇ ਬੀ ਬੀ ਐੱਮ ਬੀ ਵੱਲੋਂ ਇਸ ਸਾਲ ਹੜ੍ਹਾਂ ਨੂੰ ਰੋਕਣ ਲਈ ਸਮੇਂ ਤੋਂ ਪਹਿਲਾਂ ਵਧਾਏ ਗਏ ਸੱਤ ਬੀ ਬੀ ਐੱਮ ਬੀ ਲੈਵਲ ਦੇ ਬਾਅਦ ਵੀ ਆਲੋਚਨਾ ਦਾ ਸ਼ਿਕਾਰ ਹੋਣਾ ਪਿਆ ਹੈ।

# ਨਾਜ਼ੀਆਂ ਵਿੱਰੁਧ ਲੜਦੀ ਸ਼ਹੀਦ ਹੋਣਵਾਲੀ ਰੂਸ ਦੀ ਮਹਾਨ ਅਮਰ ਨਾਇਕਾ: ਤਾਨਿਆ



-ਰਾਜਿੰਦਰ ਕੌਰ ਚੋਹਕਾ-

ਰੂਸ ਦੀ ਮਹਾਨ ਅਮਰ ਨਾਇਕਾ 'ਤਾ-ਨਿਆ' ਦੀ ਆਪਣੇ ਵਤਨ ਲਈ, ਦੁਸ਼ਮਣਾਂ ਹੱਥੋਂ ਰਾਖੀ ਕਰਦਿਆਂ ਅਤੇ ਦੁਸ਼ਮਣਾਂ ਵਲੋਂ ਦਿੱਤੇ ਗਏ ਅਣ-ਮਨੁੱਖੀ ਤੇ ਅਸਿਹ-ਤਸੀਹਿਆਂ ਦੀ ਲਾ-ਮਿਸਾਲ ਕੁਰਬਾਨੀ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ ! ਉਸ ਨੇ ਆਪਣੇ ਦੇਸ਼ ਦੀ ਪਵਿੱਤਰ ਧਰਤੀ ਦੀ ਖਾਤਰ ਸ਼ਹੀਦ ਹੋਏ ਉਨ੍ਹਾਂ ਲੱਖਾਂ ਹੀ ਦੇਸ਼ ਵਾਸੀਆਂ ਦੇ ਡੁਲ੍ਹੇ-ਖੂਨ ਦੀ ਸੋਂਹ ਖਾ ਕੇ, ਉਨ੍ਹਾਂ ਦੀ ਸ਼ਹਾਦਤ ਦਾ, ਦੁਸ਼ਮਣ ਪਾਸੋਂ ਬਦਲਾ ਲੈਣ ਦਾ ਪ੍ਰਣ ਕੀਤਾ ਤੇ ਉਸ ਪ੍ਰਣ ਨੂੰ, ਉਸ ਨੇ ਆਪ ਫਾਂਸੀ ਦਾ ਰਸਾ ਚੁੰਮ ਕੇ ਪੂਰਾ ਕੀਤਾ ! ਜਰਮਨ ਨਾ॥ਿਆਂ ਹੱਥੋਂ ਸੂਰਮਗਤੀ ਨਾਲ ਸ਼ਹੀਦੀ, ਪ੍ਰਾਪਤ ਕਰਨ ਵਾਲੀ ਇਸ ਮਹਾਨ ''ਰੂਸੀ-ਬੇਟੀ'' ਦਾ ਅਸਲੀ ਨਾ ''ਤਾਨਿਆਂ'' ਨਹੀਂ ਸੀ ? ਉਸ ਦਾ ਨਾਂ ''ਜੋਇਆ'' ਸੀ। ਉਸ ਨੇ ਨਾ॥ਿਆਂ ਵਲੋਂ, ਉਸ ਉੱਪਰ ਕੀਤੇ ਅਕਿਹ-ਅਸਿਹ ॥ਬਰ ਵੇਲੇ ਵੀ ਵੈਰੀਆਂ ਨੂੰ ਆਪਣਾ ਨਾਂਅ, ਆਪਣੀ ਪਛਾਣ ਤੇ ਆਪਣੇ ਛਾਪੇਮਾਰ ਦਸਤੇ' ਵਾਰੇਂ ਕੁਝ ਵੀ ਦਸਣ ਤੋਂ ਨਾਂਹ ਕਰ ਦਿੱਤੀ ! ਇੱਥੋਂ ਤੱਕ, ਉਸ ਨੇ ''ਪੈਟਰੀਸੀਵੋ ਦੇ ''ਕੁਲਕਵੈਸ਼ਲੀ'' ਨੂੰ ਤੇ ਪੈਟਰੀਸੀਵੋ ਜਾਂਦਿਆਂ ਰਾਸਤੇ ਵਿੱਚ ਇੱਕ ਪੁਰਾਣੇ ਮਿਲੇ ਸਾਥੀ ਤੋਂ ਵੀ ਆਪਣੇ ਅਸਲੀ ਨਾਮ ਨੂੰ ਲਕੋਈ ਰੱਖਿਆ!

'ਜੋਇਆ' (ਤਾਨਿਆ) ਇੱਕ ਬਹੁਤ ਹੀ ਹੁਸ਼ਿਆਰ, ਉੱਚੀ, ਲੰਬੀ, ਸਨੁੱਖੀ ਤੇ ਸੁੰਦਰ ਲੜਕੀ ਸੀ। ਉਸ ਦਾ ਜਨਮ 13-ਸਤੰਬਰ 1923 ਨੂੰ ਪਿਤਾ 'ਅਨਾਤੌਲੀ ਮਾਤਾ ਲਿਊਬੋਫ਼ ਤਿਮੋਫ਼ੀਵਨਾ' ਦੇ ਘਰ ਹੋਇਆ। ਉਸ ਨੇ 'ਮਾਸੋਕਾ ਉਟਬਰਕੀ ਜ਼ਿਲ੍ਹੇ ਦੇ ਸਕੂਲ ਵਿੱਚ ਪੜ੍ਹਾਈ ਪੂਰੀ ਕੀਤੀ ! ਛੋਟੇ ਹੁੰਦੇ ਹੀ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ। ਉਹ ਆਪਣੀ ਵਿਧਵਾਂ ਮਾਤਾ (ਛੋਟਾ ਨਾਂ) 'ਲੋਬੋ' ਤੇ ਭਰਾ ਦਾ ਨਾਲ ''ਅਲੈ॥ਦਰਸ਼ਕੀ ਦੀ ਗਲੀ ਨੰਬਰ 7 ਵਿੱਚ ਰਹਿੰਦੀ ਸੀ। ਉਸ ਨੇ ਆਪਣੀ ਸਕੂਲੀ ਪੜ੍ਹਾਈ ਦੌਰਾਨ ਹੀ ਦੇਸ਼ ਦੇ ਮਹਾਨ ਲੇਖਿਕਾਂ, ਬੁੱਧਜੀਵੀਆਂ, ਇਨਕਲਾਬੀਆਂ, ਯੋਧਿਆਂ, ਕਵੀਆਂ ਅਤੇ ਸ਼ਹੀਦਾਂ ਦੀਆਂ ਜੀਵਨੀਆਂ ਪੜ੍ਹ ਕੇ ਉਨ੍ਹਾਂ ਪਾਸੋਂ ਪ੍ਰੇਰਨਾ ਲਈ ਸੀ। ਮਹਾਨ ਲੈਨਿਨ ਦੇ ਪ੍ਰਤੀ ਉਸ ਦੇ ਦਿਲ ਵਿੱਚ ਅਥਾਹ ਵਿਸ਼ਵਾਸ਼ ਸੀ। ''ਉਸ ਨੇ ਆਪਣੀ ਡਾਇਰੀ ਦੇ ਪੰਨ੍ਹਿਆਂ ਵਿੱਚ ''ਮਹਾਨ ਫ਼ਿਲਾਸਫ਼ਰ ਲੈਨਿਨ ਨੂੰ ਆਪਣੇ ਦੇਸ਼ ਦੇ ਅਤੀਤ ਦਾ ਇੱਕ ਗੌਰਵਮਈ-ਲੋਹ ਪੁਰਸ਼ ਵਰਤਮਾਨ ਦਾ ਚਮਕਦਾ ਸਿਤਾਰਾ ਤੇ ਆਸਾਂ ਭਰੇ ਭੱਵਿਖ ਦਾ ਪ੍ਰਤੀਕ ਜਾਣ ਕੇ ਯਾਦ ਕੀਤਾ ਸੀ।''

ਜੂਨ-1941 ਵਿੱਚ ਮਾਸਕੋ ਦੇ ਇੱਕ ਪੇਂਡੂ ਖੇਤਰ ''ਗੋਲਤਸੀਨੋ'' ਵਿੱਚ ਜਦੋਂ ਨਾਜੀਆਂ ਦੀਆਂ ਫੌਜਾਂ ਪਹੁੰਚ ਗਈਆਂ, ਤਾਂ ਜੋਇਆ ਉਸ ਸਮੇਂ ਦਸਵੀਂ ਜਮਾਤ ਵਿੱਚ ਪੜ੍ਹਦੀ ਸੀ। ਉਸ ਨੇ ਉਸ ਸਮੇਂ ਹੀ ਫੌਜ ਵਿੱਚ ਭਰਤੀ ਹੋਣ ਦੀ ਪ੍ਰਤਿਗਿਆ ਕੀਤੀ ਤੇ ਆਪਣੀ ਪੜ੍ਹਾਈ ਵਿਚਕਾਰ ਛੱਡ ਕੇ ਫੌਜ ਵਿੱਚ ਭਰਤੀ ਹੋਣ ਦਾ 'ਪ੍ਰਣ-ਪੱਤਰ' ਭਰਿਆ। ਉਸ ਦੀ ਫੌਜੀ ਸੇਵਾ ਵਿੱਚ ਰੁਚੀ ਨੂੰ ਦੁਸ਼ਮਣਾਂ ਵਿਰੁੱਧ, ਉਸ ਦੀ ਯੋਗ ਭੂਮਿਕਾ ਤੇ ਉਸ ਦੇ ਦਲੇਰਾਨਾ ਹੌਸਲੇ ਭਰੇ ਵਤੀਰੇ ਨੂੰ ਦੇਖਦਿਆਂ ਉਸ ਦੀ ਬੇਨਤੀ ਪੱਤਰ ਨੂੰ ਪ੍ਰਵਾਨ ਕਰਦਿਆਂ, ਚੋਣ ਅਧਿਕਾਰੀ ਨੇ, ਉਸ ਦੀ ਚੋਣ ਪ੍ਰੀਖਿਆ ਦੌਰਾਨ ਉਸ ਦੀ ਦਲੇਰਾਨਾ ਹਿੰਮਤ, ਨਿਡਰਤਾ, ਸੂਰਮਾਗਤੀ ਗੰਭੀਰਤਾ ਅਤੇ ਦ੍ਰਿੜਤਾ ਤੋਂ ਪ੍ਰਭਾਵਿਤ ਹੋ ਕੇ 'ਜੋਇਆ' ਨੂੰ ਇੱਕ ਛਾਪੇਮਾਰ-ਦਸਤੇ ਵਿੱਚ ਭਰਤੀ ਕਰ ਲਿਆ ਗਿਆ। ਆਪਣੀ ਦਲੇਰਾਨਾ ਹਿੰਮਤ ਸਦਕਾ, ਉਹ ਜਲਦੀ ਹੀ ਉਸ ਛਾਪੇਮਾਰ ਦਸਤੇ ਦੀ ਆਗੂ ਬਣ ਗਈ। ਇੱਕ ਦਿਨ ਆਪਣੇ ਹੋਰ 'ਕਾਮ ਸਮੋਲ ਛਾਪੇਮਾਰ ਸਾਥੀਆਂ ਸਮੇਤ ''ਉਸਤੋ ਖੋਵ'' ਜੰਗੀ ਖੇਤਰ ਦੀ ਹੱਦ ਟੱਪ ਕੇ, ਜਿੱਥੇ ਨਾ॥ੀ ਕਾਬ॥ ਸਨ, ਵੈਰੀ ਦੀ ਸੈਨਾ ਦੇ ਪਿੱਛੇ ਲੱਗ ਗਈ। ਗੁਰੀਲਾ ਦਸਤੇ (ਛਾਪੇਮਾਰ ਦਸਤੇ) ਦੇ ਸਾਰੇ ਹੀ ਸਮਰਥਕ ਉਸ ਜੰਗਲ ਵਿੱਚ 15 ਦਿਨ ਠਹਿਰੇ, ਰਾਤ ਨੂੰ ਉਹ ਦੁਸ਼ਮਣਾ ਵਿਰੁੱਧ ਲੱਗੀ ਗੁਰੀਲਾ ਕਾਰਵਾਈ ਕਰਦੇ ਅਤੇ ਦਿਨੇ ਲੁੱਕ-ਛਿਪ ਕੇ ਉੜਕ ਦੀ ਠੰਡ ਵਿੱਚ ਰਹਿੰਦੇ ! ਨਾਲ ਲਿਆਦਾਂ ਫੌਜੀ ਰਾਸ਼ਨ, ਜੋ ਸਿਰਫ ਪੰਜਾਂ ਦਿਨਾਂ ਲਈ ਹੀ ਸੀ, ਖਤਮ ਹੋਣ ਤੋਂ ਬਾਦ ਭੁੱਖੇ-ਪਿਆਸੇ, ਠੰਡ ਦੇ ਸਤਾਏ ਤੇ ਉਨੀਂਦਰੇਂ ਦੇ ਮਾਰੇ, ਔਕੜਾਂ ਭਰੇ ਇਸ ਜੀਵਨ ਤੋਂ ਅੱਕ ਕੇ ਕੁਝ ਸਮਰਥਕ ਵਾਪਸ (ਗੁਰੀਲਾ ਦਸਤੇ ਤੇ ਮੈਂਬਰ) ਤਾਨਿਆਂ ਨੂੰ ਛੱਡ ਕੇ ਵਾਪਸ ਚਲੇ ਗਏ ! ਪਰ ! ਸਿਰਫ ਦੋ ਗੁਰੀਲਾ ਮੈਂਬਰ ਹੀ ਉਸ ਨਾਲ ਰਹੇ। ਪਰ ! (ਜੋਇਆ) ਤਾਨਿਆਂ ਨੇ ਇੱਕ ਨਿਸ਼ਾਨਾ ਜੀਵਨ ਦਾ ਮਿੱਥਿਆ ਹੋਇਆ ਸੀ, 'ਕਿ ਨਾ॥ਿਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣਾ ਜਾਂ ! ਮਰ ਮਿਟਣਾ !! ਉਸ ਨੇ ਆਪਣੇ ਮਨ ਵਿੱਚ ਲਈ ਇਸ ਪ੍ਰਤਿਗਿਆਂ ਨੂੰ ਪੂਰਾ ਕਰਨ ਲਈ ਆਪਣੀ ਜਿੰਦਗੀ ਦੀ ਵੀ ਪ੍ਰਵਾਹ ਨਹੀਂ ਕੀਤੀ ? ਆਪਣੇ ਵਾਪਸ ਜਾਂਦੇ ਸਾਥੀਆਂ ਨੂੰ ਕਿਹਾ ਕਿ, ''ਤੁਸੀਂ ਮੇਰੀ ਚਿੰਤਾ ਨਹੀਂ ਕਰਨੀ ? ਮੈਂ ਪਹਿਲਾਂ ਦਸ ਜਰਮਨਾਂ ਨੂੰ ਮਾਰ ਕੇ ਮਰਾਂਗੀ ? ਕਿੰਨੀ ਸਾਹਸੀ ਤੇ ਦਲੇਰਾਨਾਂ ਹਿੰਮਤ ਵਾਲੀ ਸੀ ? ਜੋਇਆ ?

ਅਖੀਰ ਵਿੱਚ ਦਸੰਬਰ-1941 ਨੂੰ ਪਿੰਡ 'ਪੈਟਰੀਸੀਵੋ'' ਜਿਹੜਾ ਨਾ॥ਿਆਂ ਦੇ ਅਧਿਕਾਰ ਹੇਠ ਸੀ, ਆਪਣੇ ਦੋ ਸਾਥੀਆਂ ਨਾਲ ਬੜੀ ਨਿਡਰਤਾ ਦੇ ਨਾਲ ਉਨ੍ਹਾਂ ਦੇ ਸੈਨਿਕ ਟਿਕਾਣਿਆਂ ਤੇ ਪੁੱਜ ਗਈ। ਪਰ! ਅਖੀਰ 'ਚ ਉਹ ਦੋ ਸਾਥੀ ਵੀ ਉਸ ਨੂੰ ਇੱਕਲੀ ਨੂੰ ਛੱਡ ਗਏ। ਆਪਣੇ ਮਨ ਵਿੱਚ ਧਾਰੀ ਪ੍ਰਤਿਗਿਆ ਨੂੰ ਪੂਰਾ ਕਰਨ ਲਈ, ਉਸ ਨੂੰ ਦੋ ਦਿਨ ਲੁੱਕ-ਛਿਪ ਕੇ ਉਸ ਖੇਤਰ ਵਿੱਚ ਰਹਿਣਾ ਪਿਆ। ਉਸ ਨੇ, ਉਸ ਖੇਤਰ ਵਿੱਚ ਨਾ॥ਿਆਂ ਦੇ ਫੌਜੀ ਟਿਕਾਣਿਆਂ ਦੀਆਂ ਸਾਰੀਆਂ ਟੈਲੀਫੋਨ ਤਾਰਾ ਕੱਟ ਦਿੱਤੀਆਂ ! ਜਿਊਂ ਹੀ ! ਉਸ ਨੇ ਘੋੜ ਤਬੇਲੇ ਤੇ ਅਸਲੇ ਖਾਨੇ ਨੂੰ ਅਗਨੀ ਦਿਖਾਈ, ਤਾਂ ਇੱਕ ਨਾਜੀ ਪਹਿਰੇਦਾਰ ਨੇ ਇਕ ਨੌਜਵਾਨ ਲੜਕੇ ਨੂੰ ਫੜ ਲਿਆ। ਜਿਉਂ ਹੀ ਤਾਨਿਆ ਨੇ ਪਹਿਰੇਦਾਰ ਨੂੰ ਧੱਕਾ ਦੇ ਕੇ ਸੁੱਟਿਆ ਤਾਂ ਤਾਨਿਆਂ ਨੇ ਆਪਣੀ ਕੋਟ ਵਿੱਚੋਂ ਰੀਵਾਲਵਰ ਕੱਢ ਲਿਆ। ਫੁਰਤੀ ਨਾਲ ਨੌਜਵਾਨ ਨੂੰ ਪਹਿਰੇਦਾਰ ਨੇ ਫੜ ਲਿਆ। ਖਿੱਚਾ-ਧੂਹੀ ਵਿੱਚ ਜਦੋਂ ਰੌਲਾ ਪੈ ਗਿਆ ਤਾਂ, ਪੁਲਿਸ ਦੀ ਟੁਕੜੀ ਵੀ ਆ ਗਈ ਤੇ, ਲੜਕੇ ਨੂੰ ਫੜ ਕੇ ਪੁਲਿਸ ਦੇ ਅਫਸਰਾਂ, ਦੇ ਅਗੇ ਪੇਸ਼ ਕੀਤਾ ਗਿਆ ! ਨਾ॥ਿਆਂ ਵਲੋਂ ਲੜਕੇ ਦੀ ਤਲਾਸ਼ੀ ਲੈਣ ਸਮੇਂ, ਉਹ ਹੱਕੇ-ਬੱਕੇ ਰਹਿ ਗਏ, ਕਿ ''ਜਿਸ ਕੈਦੀ ਨੂੰ ਫੜਿਆ ਹੈ, ਉਹ ਲੜਕਾ ਨਹੀਂ ਹੈ ? ਉਹ ਇੱਕ ਲੰਮੀ ਪਤਲੀ, ਸੁੰਦਰ ਤੇ ਛੋਟੀ ਉਮਰ ਦੀ ਇੱਕ ਲੜਕੀ ਹੈ ? '' ਨਾ॥ਿਆਂ ਵਲੋਂ ਉਸ ਦਾ ਨਾ ਪੁੱਛਣ ਤੇ ਉਸ ਨੇ ਆਪਣਾ ਨਾਅ 'ਤਾਨਿਆ' ਦੱਸਿਆ ! ਜਾਬਰ ਨਾ॥ਿਆਂ ਨੇ ਉਸ ਦੀ ਪੁੱਛ ਪੜਤਾਲ ਕਰਨ ਸਮੇਂ, ਉਸ ਤੇ ਅੰਨ੍ਹਾਂ ਤਸ਼ਦਦ ਕੀਤਾ, ਚਮੜੇ ਦੀਆਂ ਪੇਟੀਆਂ ਨਾਲ, ਉਸ ਦੇ ਸਰੀਰ ਤੇ ਥਾਂ-ਥਾਂ ਲਾਸ਼ਾਂ ਪਾ ਦਿੱਤੀਆਂ। ਲਾਸ਼ਾਂ ਵਾਲੀ ਥਾਂ ਤੋਂ ਚਮੜੀ ਉੱਧੜ ਗਈ ਅਤੇ ਸਰੀਰ ਖੂਨ ਨਾਲ ਲੱਥ-ਪੱਥ ਹੋ ਗਿਆ। ਉਸ ਦੇ ਸਾਰੇ ਸਰੀਰ ਤੋਂ ਸਾਰੇ ਕੱਪੜੇ ਲਾਹ ਕੇ (ਸਮੀਜ ਅਤੇ ਕਛੇ-ਅੰਡਰਵੀਅਰ) ਤੋਂ ਬਿਨ੍ਹਾਂ, ਉਸ ਉੱਪਰ ਅਸਿਹ ਤੇ ਅਕਿਹ ॥ਬਰ-॥ਲਮ ਢਾਹਿਆ ਗਿਆ। ਪਰ ! ਉਸ ਮਹਾਨ, ਰੂਸ ਦੀ ਮਾਣਮਤੀ ਇਨ-ਕਲਾਬਣ ਨੇ ਆਪਣੀ ਜੁਬਾਨ ਵਿੱਚੋਂ ਆਪਣੇ ਸੈਨਿਕ ਟਿਕਾਣਿਆਂ ਵਾਰੇ, ਕੁਝ ਵੀ ਦਸਤ ਤੋਂ ਨਾਂਹ ਕਰ ਦਿੱਤੀ ! ਤਾਨਿਆਂ ਦਾ ਸਾਰਾ ਸਰੀਰ ਪੁਲਿਸ ਦੇ ਅੰਨ੍ਹੇ ਤਸ਼ਦਦ ਦੇ ਨਾਲ ਬਿਨ੍ਹਿਆ ਗਿਆ, ਬਾਹਾਂ ਪਿੱਛੇ ਬੰਨ੍ਹ ਕੇ ਸੰਗੀਨਾਂ ਦੀ ਛਾਂ ਹੇਠਾਂ ਠੰਡੀ ਯੱਖ ਧਰਤੀ ਉੱਤੇ, ਜਿਹੜੀ ਬਰਫ਼ ਨਾਲ ਲਦੀ ਪਈ ਸੀ, ਨੰਗੇ ਪੈਰੀ ਚੱਲਣ ਲਈ ਮ॥ਬੂਰ ਕੀਤਾ ! ਪਹਿਰੇਦਾਰ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਤੱਕ ਨੰਗੇ ਪੈਰੀ ਚੱਲਣ ਲਈ ਕਹਿੰਦਾ। ਉਹ ਉਸੇ ਤਰ੍ਹਾਂ ਹੀ ਕਰਦੀ ਰਹੀ, ਪਰ ! ਉਹ ਪਹਿਰੇਦਾਰ ਬਦਲ ਕੇ ਦੂਸਰਾ ਆ ਗਿਆ, ਤਾਂ ਉਸ ਨੇ ਤਾਨਿਆਂ ਨੂੰ ਬੈਂਚ ਤੇ ਬੈਠਣ ਦਾ ਇਸ਼ਾਰਾ ਕੀਤਾ। ਸਾਰੀ ਰਾਤ ਠੰਡ ਵਿੱਚ ਨੰਗੀ ਬੈਂਚ ਤੇ ਬੈਠੀ ਨੇ ਉਨੀਂਦਰੇ ਵਿੱਚ ਹੀ ਉਸ ਨੇ ਪੂਰੀ ਰਾਤ ਕੱਟੀ!

ਅੰਨ੍ਹੇ ਤਸ਼ਦਦ ਤੋਂ ਬਾਦ ਤਾਨਿਆਂ ਨੂੰ ਫਾਂਸੀ ਦੇਣ ਲਈ ਪਿੰਡ ਦੇ ਚੌਰਾਹੇ ਦੇ ਵਿੱਚ ਫਾਂਸੀ ਦਾ ਤਖਤਾ ਗਡਿਆ ਗਿਆ। ਉਹ ਬਹੁਤ ਹੀ ਭਿਆਨਕ ਤੇ ਦਿਲ ਕੰਬਾਊ ਦ੍ਰਿਸ਼ ਲੋਕਾਂ ਨੂੰ ਦਿਖਾਉਣ ਲਈ, ਪਿੰਡ ਦੇ ਸਾਰੇ ਕਿਸਾਨਾਂ, ਕਿਰਤੀਆਂ, ਬੱਚਿਆਂ, ਇਸਤਰੀਆਂ ਨੂੰ ਜਬਰੀ ਇਸ ਅਣ-ਮਨੁੱਖੀ ਕਹਿਰ ਨੂੰ ਦਿਖਾਉਣ ਲਈ ਲਿਆਂਦਾ ਗਿਆ ਸੀ। ਫਾਂਸੀ ਦੇ ਤਖਤੇ ਤੇ ਜਾਣ ਤੋਂ ਪਹਿਲਾ, ਇੱਕਠ ਵਿੱਚ ਆਏ ਲੋਕਾਂ ਨੂੰ ਲਲਕਾਰ ਕੇ ਸੰਬੋਧਨ ਕਰਦਿਆਂ ਕਿਹਾ ਕਿ, ''ਸਾਥੀਓ ਤੁਸੀਂ ਉਦਾਸ ਨਹੀਂ ਹੋਣਾ, ਮੈਂ ਮੌਤ ਤੋਂ ਨਹੀਂ ਡਰਦੀ ? ਤਾਨਿਆਂ ਨੂੰ ਆਪਣੇ ਵਤਨ ਤੋਂ ਜਾਨ ਦੇਣ ਦਾ ਸੁਭਾਗਾ ਸਮਾਂ ਇਸ ਤੋਂ ਚੰਗਾ ਹੋਰ ਕੋਈ, ਨਹੀਂ ਹੋ ਸਕਦਾ ? ਮੇਰੇ ਮਰਨ ਤੋਂ ਬਾਦ ਤੁਸੀਂ ਹਿੰਮਤ ਤੋਂ ਕੰਮ ਲੈਣਾ ! ਯੁੱਧ ਕਰਨਾ ਅਤੇ ਨਾ॥ਿਆਂ ਨੂੰ ਮਾਰ ਕੇ ਅੱਗ ਵਿੱਚ ਸਾੜ ਦੇਣਾ, ਫਾਂਸੀ ਦੇ ਤਖਤੇ ਤੇ ਖੜੀ ਨੂੰ ਵੀ ਜਾਲਮ ਨਾਜੀ ਤਸੀਹੇ ਦਿੰਦੇ ਰਹੇ ਤੇ ਉਹ ਮਾਣ ਮਤੀ ਰੂਸ ਦੀ ਵੀਰਾਂਗਣ ਅਡੋਲ ਖੜੀ ਰਹੀ ? ''ਵੈਸਲੀ ਕੁਲਕ ਦੀ ਪਤਨੀ ਪ੍ਰਾਸਕੋਇਆ ਨੂੰ ਇੱਕ ਨਾ॥ੀ ਅਫਸਰ ਨੇ ਤਾਨਿਆ ਦੀਆਂ ਕੁਝ ਚੀ॥ਾਂ ਜੈਕੇਟ, ਬੂਟ, ਜੁਰਾਬਾਂ, ਪੈਂਟ, ਆਦਿ ਪਾਉਣ ਨੂੰ ਦਿੱਤੀਆਂ ਤੇ ਕੁਝ ਬੋਤਲਾਂ, ਜਿਸ ਥੈਲੇ ਵਿੱਚ ਪਾਈਆਂ ਸਨ, ਤੀਲਾਂ ਦੀ ਡੱਬੀ ਤੇ ਕਾਰਤੂਸ ਉਸ ਥੈਲੇ ਵਿੱਚ ਪਾ ਕੇ, ਉਸ ਦੇ ਗੱਲ ਵਿੱਚ ਪਾ ਦਿੱਤਾ। ਪ੍ਰਾਸਕੋਇਆ ਨੇ ਤਾਨਿਆ ਨੂੰ ਪੁੱਛਿਆ ਕਿ, ''ਕੀ ? ਤੂੰ ! ਜਰਮਨਾਂ ਦੇ ਤਬੇਲੇ ਨੂੰ ਅੱਗ ਲਾਈ ਸੀ ਤੇ ਕਿੰਨੇ ਜਰਮਨ ਮਰੇ?'' ਤਾਨਿਆਂ ਨੇ ਕਿਹਾ ਕਿ, ''ਜਰਮਨ ਤਾਂ ਨਹੀਂ ਮਰੇ, ਪਰ ! ਤਬੇਲੇ ਦੇ ਕੁਝ ਘੋੜੇ ਤੇ ਅਸਲਾ ਸੜ ਕੇ ਸੁਆਹ ਹੋ ਗਿਆ ?''

ਜਦੋਂ ਤਾਨਿਆਂ ਨੂੰ ਫਾਂਸੀ ਦਿੱਤੀ ਜਾਣ ਲੱਗੀ ਤੇ ਉੱਥੋਂ ਖੜੀ ਭੀੜ ਵਿੱਚ ਕਿਸਾਨਾਂ ਮ॥ਦੂਰਾਂ, ਇਸਤਰੀਆਂ ਬੁੱਢੇ ਤੇ ਬੱਚੇ ਰੋਣ ਲੱਗ ਪਏ ਅਤੇ ਇਸ ਭਿਆਨਕ ਦ੍ਰਿਸ਼ ਦੇਖਣ ਤੋਂ ਪਹਿਲਾ ਹੀ ਮੂੰਹ ਪਿੱਛੇ ਕਰ ਲਏ ! ਜਲਾਦ ਨੇ ਫਾਂਸੀ ਅਫਸਰ ਦੇ ਹੁਕਮਾਂ ਵੱਲ ਦੇਖਦਿਆਂ ਅੱਗੇ ਹੱਥ ਵਧਾਇਆ ਹੀ ਸੀ, ਕਿ ''ਤਾਨਿਆ ਨੇ ਇੱਕ ਝਟਕੇ ਨਾਲ ਫਾਂਸੀ ਵਾਲੇ ਰਸੇ ਨੂੰ ਦੋਨਾਂ ਹੱਥਾਂ ਨਾਲ ਪੂਰਾ ਜੋਰ ਲਾ ਕੇ, ਉੱਪਰ ਚੁੱਕ ਕੇ, ਪੈਰਾਂ ਹੇਠਲੇ ਲੱਕੜ ਦੇ ਉੱਪਰ ਪਬਾ ਭਾਰ ਖੜੀ ਹੋ ਕੇ ਉੱਚੀ ਅਵਾਜ ਵਿੱਚ ਸ਼ਹੀਦੀ ਦੇ ਰੌਅ ਵਿੱਚ ਨਾ॥ੀ ਸੈਨਿਕਾਂ ਨੂੰ ਵੰਗਾਰਿਆਂ, ਕਿ ਤੁਸੀਂ ਅੱਜ ਮੈਨੂੰ ਫਾਂਸੀ ਲਾਉਣ ਲੱਗੇ ਹੋ ? ਤੁਸੀਂ ਮੈਨੂੰ ਇੱਕਲੀ ਨੂੰ ਫਾਂਸੀ ਲਾ ਦਿਉਗੇ ? ਮੇਰੀ ਅਵਾ॥ ਬੰਦ ਕਰ ਦਿਉਗੇ ? ਮੇਰੇ ਪਿੱਛੋਂ ਮੇਰੇ ਦੇਸ਼ ਵਾਸੀ ਮੇਰੀ ਮੌਤ ਦਾ ਬਦਲਾ ਤੁਹਾਡੇ ਪਾਸੋਂ ਜ਼ਰੂਰ ਲੈਣਗੇ ? ਮੇਰੇ ਨਾਲ ਇਸ ਵੇਲੇ ਮੇਰੇ ਦੇਸ਼ ਦੇ ਵੀਹ ਕਰੋੜ ਲੋਕ ਮੇਰੇ ਨਾਲ ਹਨ, ਅਖੀਰ 'ਚ ਜਿੱਤ ਸਾਡੀ ਹੀ ਹੋਵੇਗੀ ? ਮੇਰੇ ਦੇਸ਼ ਵਾਸੀ ਮੇਰੀ ਮੌਤ ਦਾ ਬਦਲਾ ਤੁਹਾਡੇ ਪਾਸੋਂ ਜਰੂਰ ਲੈਣਗੇ ? ਆਪਣੇ ਦੇਸ਼ ਦੇ ਸਾਥੀਆਂ ਨੂੰ ਜੰਗੀ ਸੰਘਰਸ਼ ਜਾਰੀ ਰੱਖਣ ਦਾ ਸੱਦਾ ਦਿੰਦਿਆਂ ਕਿਹਾ ਕਿ, ''ਇਸ ਯੁੱਧ ਨੂੰ ਨਿਡਰਤਾ ਪੂਰਵਕ ਸਿਰੇ ਚੜ੍ਹਾਉਣਾ ! ਜਲਾਦ ਦੇ ਤਾਨਿਆਂ ਦੇ ਪੈਰਾਂ ਹੇਠੋਂ ਲੱਕੜ ਦਾ ਫੱਟਾ ਕੱਢ ਲਿਆ ! ਇਹ ਦ੍ਰਿਸ਼ ਦੇਖ ਦੇ ਲੋਕ ਭੈਅ-ਭੀਤ ਹੋ ਗਏ। ਤਾਨਿਆਂ ਦੀ ਲਾਸ਼ ਇੱਕ ਮਹੀਨਾ ਪਿੰਡ ਦੇ ਚੌਂਕ ਵਿੱਚ ਫਾਂਸੀ ਤੇ ਲਟਕਦੀ ਰਹੀ। ਤਾਨਿਆਂ ਦੀ ਲਾਸ਼ ਨੂੰ ਵੀ ਵਹਿਸ਼ੀ ਨਾ॥ਿਆਂ ਨੇ, ਵਹਿਸ਼ੀ ਢੰਗ ਨਾਲ ਸੰਗੀਨਾਂ, ਸੋਟੀਆਂ, ਬੰਦੂਕਾਂ ਨਾਲ ਆਉਂਦਿਆਂ ਜਾਂਦਿਆਂ ਵਿੰਨ ਸੁਟਿਆਂ ਤੇ ਉਸ ਦੀ ਲਾਸ਼ ਨੂੰ ਵੀ ਅਪਮਾਨਿਤ ਕਰਦੇ ਰਹੇ ? ਸ਼ਰਾਬ ਦੀ ਲੋਰ ਵਿੱਚ ਆਉਂਦੇ ਜਾਂਦੇ ਸਿਪਾਹੀਆਂ, ਨਾ॥ਿਆਂ ਨੇ ਉਸ ਦੀ ਲਾਸ਼ ਤੋਂ ਕੱਪੜੇ ਵੀ ਲਾਹ ਦਿੱਤੇ ਅਤੇ ਉਸ ਦੇ ਸਰੀਰ ਤੇ ਚਾਕੂ ਮਾਰ-ਮਾਰ ਕੇ ਟੁੱਕ ਲਾ ਦਿੱਤੇ ? ਇਹੋ ਜਿਹਾ ਦਿਲ-ਕੰਬਾਊ ਦ੍ਰਿਸ਼ ਦੇਖ ਕੇ ਪਿੰਡ ਦੇ ਲੋਕ ਗਮ ਵਿੱਚ ਡੁੱਬ ਗਏ ਤੇ ਭੈਅ-ਭੀਤ ਹੋ ਗਏ । ਜਰਮਨ ਨਾ॥ਿਆਂ ਦੇ ਹੁਕਮ ਨਾਲ ਤਾਨਿਆਂ ਦੀ ਲਾਸ਼ ਨੂੰ ਫਾਂਸੀ ਤੋਂ ਉਤਾਰਿਆ ਗਿਆ। ਪਿੰਡ ਵਾਸੀਆਂ ਨੇ ਪਿੰਡੋਂ ਬਾਹਰ ਬਰਫ ਲੱਦੀ ਜਮੀਨ ਵਿੱਚ ਟੋਆ ਪੁੱਟ ਕੇ ਮਹਾਨ ਵੀਰਾਂਗਣ ਸ਼ਹੀਦ ਦੀ ਲਾਸ਼ ਨੂੰ ਰੂਸੀ ਧਰਤੀ ਦੀ ਗੋਦ ਵਿੱਚ ਪਾ ਦਿੱਤਾ !

ਤਾਨਿਆ ਦੀ ਸ਼ਹੀਦੀ ਤੋਂ ਥੋੜ੍ਹੀ ਦੇਰ ਬਾਦ ਹੀ 'ਰੂਸ ਦੀ ਲਾਲ ਫੌਜ' ਨੇ ਨਾ॥ੀ ਹਮਲਾਵਰਾਂ ਨਾਲ ਲੋਹਾ ਲਿਆ ਅਤੇ ਨਾ॥ਿਆਂ ਨੂੰ ਆਪਣੀ ਸਰ ਜਮੀਨ ਤੋਂ ਖਦੇੜ ਦਿੱਤਾ। ਨਾ॥ਿਆਂ ਨੇ ਪਿੱਛੇ ਹੱਟਦੇ ਹੋਏ ਕਈ ਪਿੰਡ ਸਾੜ-ਫੂਕ ਦਿੱਤੇ। ਇਸ ਸਮੇਂ ਸਿਰਫ ''ਪੈਟਰੀਸੀਵੋ'' ਪਿੰਡ ਹੀ ਸਾੜ-ਫੂਕ ਤੋਂ ਬਚਿਆ। ''ਰੂਸੀ ਮੁਕਤੀ ਫੌਜ ਦੇ ਸਿਪਾਹੀਆਂ ਨੇ ਅਤੇ ਉੱਚ ਅਧਿਕਾਰੀਆਂ ਨੇ ਇਸ ਪਿੰਡ ਰੁੱਕ ਕੇ, ਇਸ ਮਹਾਨ ਮਾਣ-ਮਤੀ ਵੀਰਾਂਗਣ ਅਤੇ ਦੇਸ਼ ਭਗਤ, ਜਿਸ ਨੇ ਦੇਸ਼ ਦੀ, ਦੁਸ਼ਮਣਾਂ ਤੋਂ ਰਾਖੀ ਕਰਦਿਆਂ ਫਾਂਸੀ ਦਾ ਰੱਸਾ ਚੁੰਮਿਆ, ਦੀ ਕਬਰ ਤੇ ਸ਼ਰਧਾ ਨਾਲ ਸਿਰ ਝਕਾਉਂਦੇ ਹੋਏ ਤੇ ਉਸ ਦੀ ਕਬਰ ਤੇ ਫੁੱਲ ਭੇਂਟ ਕਰਦੇ ਹੋਏ ਨੂੰ ਸਿਜਦਾ ਕੀਤਾ ਅਤੇ ਉੱਥੇ ਸਕੂਲੀ ਟੀਚਰਾਂ ਨੂੰ ਵੀ ਸਿਰ ਨਿਵਾ ਕੇ ਪਿਆਰ ਭੇਂਟ ਕੀਤਾ ਅਤੇ ਉਸ ਦੇ ਮਾਤਾ ਪਿਤਾ ਨੂੰ ਵੀ ਸਿਜਦਾ ਕੀਤਾ ਜਿਨ੍ਹਾਂ ਨੇ ਇਹੋ ਜਿਹੀ ਵੀਰਾਂਗਣ ਦੇਸ਼ ਭਗਤ ਪੁੱਤਰੀ ਨੂੰ ਪੈਦਾ ਕੀਤਾ ਤੇ ਜਿਨ੍ਹਾਂ ਨੇ ਦੇਸ਼ ਕੁਰਬਾਨੀ ਦੀ ਲਾ ਮਿਸਾਲ ਸਿੱਖਿਆ ਦਿੱਤੀ !

''ਤਾਨਿਆ'' ਦੀ ਇਸ ਸ਼ਹਾਦਤ ਦੀ ਵੀਰ ਗਾਥਾ ਦੀ ਜੀਵਨੀ 27 ਜਨਵਰੀ 1942 ਦੇ ਪਰਾਵਦਾ ਅਖ਼ਬਾਰ'' ਵਿੱਚ ਛਪੀ। ਉਸ ਸਮੇਂ ਤੱਕ ਸਾਰੇ ਦੇਸ਼ ਦੇ ਲੋਕ ਉਸ ਦੇ ਅਸਲੀ ਨਾਂ ਤੋਂ ਅਣਜਾਣ ਸਨ। ਸੋਵੀਅਤ ਦੇਸ਼ ਦੀ ਸਰਵ-ਉੱਚ-ਸਵਿੰਧਾਨ ਪ੍ਰੀਸ਼ਦ ਵਿੱਚ ਇਸ ਮਹਾਨ ਵੀਰਾਂਗਣ, ਜਿਸ ਨੇ ਬਹੁਤ ਹੀ ਸੂਰਮਗਤੀ ਨਾਲ ਨਾ॥ਿਆਂ ਦੇ ਨਾਲ ਮੁਕਾਬਲਾ ਕੀਤਾ, ਜੋਇਆ (ਤਾਨਿਆ) ਨੂੰ ਸੋਵੀਅਤ ਦੇਸ਼ ਦੇ ਅਮਰ-ਨਾਇਕਾ ਦੀ ਪਦਵੀ ਨਾਲ ਸਨਮਾਨਿਤ ਕੀਤਾ। ਤਾਨਿਆ ਦੀ ਲਾ-ਮਿਸਾਲ ਕੁਰਬਾਨੀ ਇਤਿਹਾਸ ਦੇ ਪੰਨਿਆ ਤੇ ਲਿਖੀ ਗਈ, ਜਿਸ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ ?

ਰਾਜਿੰਦਰ ਕੌਰ ਚੋਹਕਾ
ਸਾਬਕਾ ਜਨਰਲ ਸਕੱਤਰ
ਜਨਵਾਦੀ ਇਸਤਰੀ ਸਭਾ
ਪੰਜਾਬ
ਮੋਬਾ: 98725-44738
ਕੈਲਗਰੀ 403-285-4208



# ਪੰਜਾਬ ਸਰਕਾਰ ਵਲੋਂ ਹੜ੍ਹ ਪਿੱਛੋਂ ਦਾ ਪਲਾਨ ਸੰਬੰਧਤ ਜ਼ਿਲ੍ਹਿਆਂ ਨੂੰ ਲਾਗੂ ਕਰਨ ਦੇ ਹੁਕਮ

ਚੰਡੀਗੜ੍ਹ, 26 ਅਗਸਤ (ਪੋਸਟ ਬਿਊਰੋ)- ਹੜ੍ਹਾਂ ਕਾਰਨ ਮਨੁੱਖਾਂ ਅਤੇ ਜਾਨਵਰਾਂ ਨੂੰ ਬਿਮਾਰੀਆਂ ਤੋਂ ਬਚਾਉਣ ਅਤੇ ਆਮ ਜੀਵਨ ਬਹਾਲ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮ ਹੇਠ ਜ਼ਿਲ੍ਹਾ ਪ੍ਰਸ਼ਾਸਨ ਨੂੰ 'ਪੋਸਟ ਫਲੱਡ ਐਕਸ਼ਨ ਪਲਾਨ' ਜਾਰੀ ਕੀਤਾ ਗਿਆ ਹੈ। ਰਾਜ ਸਰਕਾਰ ਨੇ ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਨਿਰਦੇਸ਼ਾਂ ਉੱਤੇ ਤੁਰੰਤ ਅਮਲ ਦੇ ਹੁਕਮ ਜਾਰੀ ਕੀਤੇ ਹਨ। ਇਹ ਜਾਣਕਾਰੀ ਪੰਜਾਬ ਸਰਕਾਰ ਦੇ ਇਕ ਬੁਲਾਰੇ ਨੂੰ ਦਿੱਤੀ ਹੈ।



ਪਤਾ ਲੱਗਾ ਹੈ ਕਿ ਜਲੰਧਰ, ਕਪੂਰਥਲਾ, ਰੂਪਨਗਰ, ਫਿਰੋਜ਼ਪੁਰ, ਲੁਧਿਆਣਾ, ਫਾਜ਼ਿਲਕਾ ਤੇ ਮੋਗਾ ਸਮੇਤ ਹੜ੍ਹ ਤੋਂ ਪ੍ਰਭਾਵਤ ਇਲਾਕਿਆਂ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਹ ਯੋਜਨਾ ਲਾਗੂ ਕਰਨ ਲਈ ਕਿਹਾ ਗਿਆ ਹੈ। ਨਿਰਦੇਸ਼ਾਂ ਵਿਚ ਸਾਫ ਕਿਹਾ ਗਿਆ ਹੈ ਕਿ ਪ੍ਰਭਾਵਿਤ ਨਾਗਰਿਕਾਂ ਦੀ ਆਰਥਿਕ, ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦਾ ਧਿਆਨ ਰੱਖਿਆ ਜਾਵੇ। ਜ਼ਿਲ੍ਹਾ ਅਧਿਕਾਰੀਆਂ ਦੀਆਂ ਜ਼ਿੰਮੇਵਾਰੀਆਂ ਸਪੱਸ਼ਟ ਕਰਦੇ ਹੋਏ ਸਿਵਲ ਸਰਜਨਾਂ ਨੂੰ ਕਿਹਾ ਗਿਆ ਹੈ ਕਿ ਹੜ੍ਹਾਂ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਕੰਮ ਕੀਤਾ ਜਾਵੇ, ਜਿਸ ਵਿਚ ਨਿੱਜੀ ਸੁਰੱਖਿਆ ਜਿਵੇਂ ਪਾਣੀ ਉਬਾਲ ਕੇ ਵਰਤਣਾ, ਭੋਜਨ ਸਹੀ ਢੰਗ ਨਾਲ ਪਕਾਉਣਾ, ਚੰਗੀ ਤਰ੍ਹਾਂ ਹੱਥ ਧੋਣੇ, ਓ ਆਰ ਐਸ ਅਤੇ ਜ਼ਿੰਕ ਦੀਆਂ ਗੋਲੀਆਂ ਦੀ ਵਰਤੋਂ, ਨਿੱਜੀ ਸਫਾਈ ਅਤੇ ਆਲੇ ਦੁਆਲੇ ਦੀ ਸਫਾਈ ਦੀ ਜਾਣਕਾਰੀ ਸ਼ਾਮਲ ਹੈ। ਪਾਣੀ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ, ਡਾਇਰੀਆ, ਉਲਟੀਆਂ, ਹੈਜ਼ਾ ਤੇ ਵੈਕਟਬੋਰਨ ਬਿਮਾਰੀਆਂ ਜਿਵੇਂ ਮਲੇਰੀਆ, ਚਿਕਨਗੁਨੀਆ ਅਤੇ ਡੇਂਗੂ, ਚਮੜੀ ਤੇ ਅੱਖਾਂ ਦੀਆਂ ਬਿਮਾਰੀਆਂ ਦੀ ਜਾਣਕਾਰੀ ਦਿੱਤੀ ਜਾਵੇ। ਰਾਜ ਸਰਕਾਰ ਨੇ ਆਪਣੇ ਐਕਸ਼ਨ ਪਲਾਨ ਵਿੱਚ ਗੰਭੀਰ ਤਣਾਅ ਨਾਲ ਪੈਦਾ ਹੋਣ ਵਾਲੀਆਂ ਮਨੋਵਿਗਿਆਨਕ ਬਿਮਾਰੀਆਂ ਦੀ ਰੋਕ ਲਈ ਹੜ੍ਹ ਪੀੜਤਾਂ ਦੇ ਮਨੋਬਲ ਨੂੰ ਵਧਾਉਣ ਲਈ ਮਾਹਰਾਂ ਨੂੰ ਸ਼ਾਮਲ ਕਰਨ ਦੀ ਸਿਫਾਰਸ਼ ਵੀ ਕੀਤੀ ਹੈ।

ਸਰਕਾਰ ਨੇ ਕਿਹਾ ਹੈ ਕਿ ਮਹਾਂਮਾਰੀ ਫੈਲਣ ਤੋਂ ਰੋਕਣ ਦੇ ਪ੍ਰਬੰਧ ਦਾ ਵਿਸ਼ੇਸ਼ ਧਿਆਨ ਕੀਤਾ ਜਾਵੇ ਤੇ ਦਵਾਈਆਂ, ਕੌਂਸਲਿੰਗ ਤੇ ਉੱਚ ਸਿਹਤ ਕੇਂਦਰਾਂ ਨੂੰ ਰੈਫ਼ਰਲ ਸੇਵਾਵਾਂ ਲਈ ਆਊਟਰੀਚ ਮੈਡੀਕਲ ਕੈਂਪ ਲਾਏ ਜਾਣ। ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਪੀਣ ਲਈ ਸਾਫ ਪਾਣੀ ਪੁਚਾਉਣ ਅਤੇ ਕਲੋਰੀਨ ਦੀਆਂ ਗੋਲੀਆਂ ਦੀ ਸਪਲਾਈ ਦੇ ਨਿਰਦੇਸ਼ ਦਿੱਤੇ ਗਏ ਤੇ ਪ੍ਰਸ਼ਾਸਨ ਦੀਆਂ ਟੀਮਾਂ ਨੂੰ ਜਲ ਸਪਲਾਈ ਸਕੀਮਾਂ ਦੀ ਬਹਾਲ ਹੋਣ ਤਕ ਹੜ੍ਹ ਪ੍ਰਭਾਵਿਤ ਪਿੰਡਾਂ ਨੂੰ ਵਾਟਰ ਟੈਂਕਰਾਂ ਨਾਲ ਪੀਣ ਯੋਗ ਪਾਣੀ ਪੁਚਾਉਣ ਲਈ ਕਿਹਾ ਹੈ। ਵੈਟਰਨਰੀ ਟੀਮਾਂ ਪਿੰਡਾਂ ਵਿਚ ਕੰਮ ਕਰਨਗੀਆਂ ਤੇ ਬਿਮਾਰ ਪਸ਼ੂਆਂ ਨੂੰ ਇਲਾਜ ਦੀ ਸਹੂਲਤ ਦੇਣਗੀਆਂ ਤੇ ਪਸ਼ੂ ਪਾਲਣ ਵਿਭਾਗ ਤੋਂ ਫੀਡ, ਚਾਰਾ, ਤੂੜੀ ਲੈ ਕੇ ਲੋਕਾਂ ਨੂੰ ਵੰਡਣਗੇ ਅਤੇ ਹਰ ਟੀਮ ਆਪਣੀ ਨਿਗਰਾਨੀ ਹੇਠ ਮਰੇ ਹੋਏ ਪਸ਼ੂਆਂ ਦੇ ਨਿਪਟਾਰੇ ਲਈ ਜ਼ਿੰਮੇਵਾਰ ਹੋਵੇਗੀ।

ਇਸ ਦੇ ਨਾਲ ਸਰਕਾਰ ਨੇ ਹਦਾਇਤ ਕੀਤੀ ਹੈ ਕਿ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਧਿਕਾਰੀ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਾਣੀ ਦੀ ਨਿਕਾਸੀ ਅਤੇ ਗਲੀਆਂ-ਨਾਲੀਆ ਦੀ ਮੁਰੰਮਤ ਯਕੀਨੀ ਕਰਨਗੇ ਅਤੇ ਹੜ੍ਹ ਪ੍ਰਭਾਵਤ ਖੇਤਰਾਂ ਦੇ ਮਨਰੇਗਾ ਕਾਰਡ ਵਾਲਿਆਂ ਨੂੰ ਇਸ ਵਿੱਚ ਵੱਧ ਤੋਂ ਵੱਧ ਕੰਮ ਦਿੱਤਾ ਜਾਵੇਗਾ ਤਾਂ ਜੋ ਪ੍ਰਭਾਵਿਤ ਲੋਕ ਕੁਝ ਕਮਾ ਸਕਣ। ਹਦਾਇਤਾਂ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਲੋੜ ਦੀਆਂ ਥਾਵਾਂ ਉੱਤੇ ਰਾਸ਼ਨ ਅਤੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਵੇ ਅਤੇ ਬਿਜਲੀ ਸਪਲਾਈ ਛੇਤੀ ਬਹਾਲ ਕੀਤੀ ਜਾਵੇ।

## ਐਸ ਵਾਈ ਐਲ ਬਾਰੇ ਸੁਪਰੀਮ ਕੋਰਟ ਦੀ ਤਿੰਨ ਸਤੰਬਰ ਦੀ ਹੱਦ ਬਾਰੇ ਪੰਜਾਬ ਚਿੰਤਤ

ਚੰਡੀਗੜ੍ਹ, 26 ਅਗਸਤ (ਪੋਸਟ ਬਿਊਰੋ)- ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਪੰਜਾਬ ਤੇ ਹਰਿਆਣਾ ਨੂੰ ਆਪਸ ਵਿੱਚ ਰਜ਼ਾਮੰਦੀ ਬਣਾਉਣ ਲਈ ਸੁਪਰੀਮ ਕੋਰਟ ਵੱਲੋਂ ਤਿੰਨ ਸਤੰਬਰ 2019 ਤੱਕ ਦੀ ਅੰਤਿਮ ਸਮਾਂ ਸੀਮਾ ਬਾਰੇ ਪੰਜਾਬ ਸਰਕਾਰ ਕਾਫੀ ਚਿੰਤਾ ਵਿੱਚ ਨਜ਼ਰ ਆ ਰਹੀ ਹੈ।



ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਦੋਵਾਂ ਰਾਜਾਂ ਨੂੰ ਆਦੇਸ ਦਿੱਤੇ ਸਨ ਕਿ ਜੇ ਉਹ ਰਜ਼ਾਮੰਦੀ ਬਣਾਉਣ 'ਚ ਅਸਮਰੱਥ ਸਾਬਤ ਹੋਏ ਤਾਂ ਅਦਾਲਤ ਆਪਣਾ ਫੈਸਲਾ ਦੇ ਦੇਵੇਗੀ। ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਨਵੰਬਰ 2016 ਵਿੱਚ ਕੇਂਦਰ ਨੂੰ ਆਦੇਸ਼ ਦਿੱਤੇ ਸਨ ਕਿ ਕਿਸੇ ਕੇਂਦਰੀ ਏਜੰਸੀ ਨੂੰ ਇਸ ਨਹਿਰ ਦਾ ਕੰਮ ਪੂਰਾ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾਵੇ, ਪਰ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਇਸ ਤੋਂ ਬਾਅਦ ਦਾਇਰ ਕੀਤੀਆਂ ਪਟੀਸ਼ਨਾਂ ਨੂੰ ਕੋਰਟ ਨੇ ਇਹ ਕਹਿ ਕੇ ਰੋਕ ਲਿਆ ਹੈ ਕਿ ਪਹਿਲਾਂ ਰਾਜ ਸਰਕਾਰ ਸੁਪਰੀਮ ਕੋਰਟ ਵੱਲੋਂ ਨਹਿਰ ਬਣਾਉਣ ਬਾਰੇ ਫੈਸਲੇ 'ਤੇ ਅਮਲ ਕਰੇ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਇਸ ਨਹਿਰ ਲਈ ਪ੍ਰਾਪਤ ਕੀਤੀ ਜ਼ਮੀਨ ਕਿਸਾਨਾਂ ਨੂੰ ਵਾਪਸ ਦੇ ਦਿੱਤੀ ਗਈ ਹੈ ਅਤੇ ਇਸ ਨਹਿਰ ਦਾ ਬਣਿਆ ਹੋਇਆ ਹਿੱਸਾ ਵੀ ਤਕਰੀਬਨ ਖਤਮ ਹੋ ਚੁੱਕਾ ਹੈ ਅਤੇ ਨਾ ਪੰਜਾਬ ਕੋਲ ਇਸ ਨਹਿਰ 'ਚ ਦੇਣ ਲਈ ਕੋਈ ਪਾਣੀ ਹੈ। ਫਿਰ ਵੀ ਸੁਪਰੀਮ ਕੋਰਟ ਨੇ ਤਿੰਨ ਸਤੰਬਰ ਦੀ 'ਡੈਡ ਲਾਈਨ' ਨੂੰ ਆਖਰੀ ਮੌਕਾ ਦੱਸ ਕੇ ਇਸ ਦਾ ਫੈਸਲਾ ਦੇਣ ਬਾਰੇ ਜੋ ਸੰਕੇਤ ਦਿੱਤਾ ਸੀ, ਉਸ ਤੋਂ ਪੰਜਾਬ ਸਰਕਾਰ ਵੱਲੋਂ ਮਹਿਸੂਸ ਜ਼ਰੂਰ ਕੀਤਾ ਜਾ ਰਿਹਾ ਹੈ ਕਿ ਪੰਜਾਬ ਨੂੰ ਐਸ ਵਾਈ ਐਲ ਮੁੱਦੇ ਉੱਤੇ ਦੁਬਾਰਾ ਸੰਕਟ ਵਾਲੀਆਂ ਘੜੀਆਂ ਵੇਖਣੀਆਂ ਪੈ ਸਕਦੀਆਂ ਹਨ।

ਕੈਪਟਨ ਅਮਰਿੰਦਰ ਸਿੰਘ ਪਿਛਲੇ ਦੋ ਦਿਨਾਂ ਤੋਂ ਇਸ ਕੰਮ ਲਈ ਦਿੱਲੀ ਵਿਖੇ ਸਨ। ਉਨ੍ਹਾ ਵੱਲੋਂ ਇਸ ਕੇਸ ਵਿੱਚ ਪੰਜਾਬ ਸਰਕਾਰ ਦੇ ਵਕੀਲਾਂ ਤੇ ਕਾਨੂੰਨੀ ਮਾਹਰਾਂ ਨਾਲ ਵਿਚਾਰ ਵਟਾਂਦਰੇ ਕੀਤੇ ਗਏ। ਮੁੱਖ ਮੰਤਰੀ ਦੇ ਸਿੰਘ ਨਾਲ ਇਸ ਮੌਕੇ ਪੰਜਾਬ ਦੇ ਐਡਵੋਕੇਟ ਜਨਰਲ ਅਤੁੱਲ ਨੰਦਾ, ਚੀਫ ਸੈਕਟਰੀ ਅਤੇ ਮੁੱਖ ਮੰਤਰੀ ਦੇ ਚੀਫ ਪ੍ਰਿੰਸੀਪਲ ਸਕੱਤਰ ਸੁਰੇਸ਼ ਕੁਮਾਰ ਤੋਂ ਇਲਾਵਾ ਕੁਝ ਸੀਨੀਅਰ ਅਧਿਕਾਰੀ ਵੀ ਓਥੇ ਸਨ।

## ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਵੱਲੋਂ ਅੱਗੇ ਨਾ ਆਉਣ ਤੋਂ ਸਿੱਖ ਨਿਰਾਸ਼

ਅੰਮ੍ਰਿਤਸਰ, 26 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਕਈ ਜ਼ਿਲਿਆਂ ਵਿੱਚ ਆਏ ਹੜ੍ਹਾਂ ਕਾਰਨ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਸਮਾਜ ਸੇਵੀ ਜਥੇਬੰਦੀਆਂ, ਖਾਲਸਾ ਏਡ ਅਤੇ ਪੰਜਾਬ ਸਰਕਾਰ ਵੱਲੋਂ ਆਪਣੇ ਪੱਧਰ 'ਤੇ ਕਾਰਜ ਜਾਰੀ ਹਨ, ਪਰ ਕੁਦਰਤੀ ਆਫਤਾਂ ਸਮੇਂ ਦੂਜੇ ਰਾਜਾਂ 'ਚ ਜਾ ਕੇ ਪੀੜਤਾਂ ਨੂੰ ਲੰਗਰ ਅਤੇ ਹੋਰ ਵਸਤਾਂ ਦੀ ਮਦਦ ਦੇਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁਸੀਬਤ ਦੀ ਘੜੀ ਵਿੱਚ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਖੁੱਲ੍ਹ ਕੇ ਅੱਗੇ ਨਾ ਆਉਣ ਤੋਂ ਸਿੱਖ ਹਲਕਿਆਂ ਵਿੱਚ ਹੈਰਾਨੀ ਤੇ ਨਿਰਾਸ਼ਾ ਪਾਈ ਜਾ ਰਹੀ ਹੈ।



ਵਰਨਣ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਿੱਖੀ ਰਵਾਇਤਾਂ ਨੂੰ ਮੁੱਖ ਰੱਖ ਕੇ ਜੰਮੂ ਕਸ਼ਮੀਰ ਅਤੇ ਕੇਰਲ 'ਚ ਆਏ ਹੜ੍ਹਾਂ, ਗੁਜਰਾਤ, ਉਤਰਾਖੰਡ ਤੇ ਨੇਪਲ 'ਚ ਆਈਆਂ ਕੁਦਰਤੀ ਆਫਤਾਂ ਸਮੇਂ ਆਪਣੀਆਂ ਵਿਸ਼ੇਸ਼ ਟੀਮਾਂ ਭੇਜ ਕੇ ਲੰਗਰ, ਰਸਦ, ਕੱਪੜਿਆਂ, ਦਵਾਈਆਂ ਤੇ ਹੋਰ ਘਰੇਲੂ ਵਸਤਾਂ ਦੀ ਮਦਦ ਕੀਤੀ ਹੋਈ ਹੈ, ਪਰ ਪੰਜਾਬ ਦੇ ਕੁਝ ਜ਼ਿਲਿਆਂ ਰੋਪੜ, ਜਲੰਧਰ, ਫਿਰੋਜ਼ਪੁਰ ਤੇ ਕਪੂਰਥਲਾ ਆਦਿ ਵਿੱਚ ਆਏ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਪਿੰਡਾਂ ਦੇ ਲੋਕਾਂ ਦੀ ਖੁੱਲ੍ਹ ਕੇ ਸਹਾਇਤਾ ਕਰਨ ਬਾਰੇ ਸ਼੍ਰੋਮਣੀ ਕਮੇਟੀ ਨੇ ਪਤਾ ਨਹੀਂ ਘੇਸਲ ਵੱਟ ਲਈ ਹੈ। ਹੜ੍ਹਾਂ ਦੀ ਸਥਿਤੀ ਕਾਰਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਬਿਆਨ ਜਾਰੀ ਕਰ ਕੇ ਪਿੰਡਾਂ ਦੇ ਲੋਕਾਂ ਨੂੰ ਮਦਦ ਲਈ ਸ਼੍ਰੋਮਣੀ ਕਮੇਟੀ ਜਾਂ ਉਸ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਨਾਲ ਸੰਪਰਕ ਕਰਨ ਨੂੰ ਕਿਹਾ ਸੀ। ਬਹੁਤ ਸਾਰੇ ਪਿੰਡਾਂ 'ਚ ਦਰਿਆਵਾਂ ਦੇ ਬੰਨ੍ਹ ਟੁੱਟ ਜਾਣ ਕਾਰਨ ਆਏ ਹੜ੍ਹਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਭਾਵੇਂ ਸਥਾਨਕ ਪੱਧਰ 'ਤੇ ਗੁਰਦੁਆਰਿਆਂ ਦੇ ਮੈਨੇਜਰਾਂ 'ਤੇ ਸਟਾਫ ਦੁਆਰਾ ਲੰਗਰ ਦੇ ਰੂਪ 'ਚ ਰਾਹਤ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਸਮਝਿਆ ਜਾਂਦਾ ਹੈ ਕਿ ਇਹ ਸਹਾਇਤਾ ਸ਼੍ਰੋਮਣੀ ਕਮੇਟੀ ਦੀਆਂ ਦੁਖੀ ਮਾਨਵਤਾ ਦੀ ਮਦਦ ਲਈ ਨਿਭਾਈਆਂ ਜਾਂਦੀਆਂ ਪ੍ਰੰਪਰਾਵਾਂ ਦੇ ਹਾਣ ਦੀ ਨਹੀਂ ਹੈ। ਕਈ ਪਿੰਡਾਂ 'ਚ ਸ਼੍ਰੋਮਣੀ ਕਮੇਟੀ ਦੇ ਸੇਵਾਦਾਰਾਂ ਵੱਲੋਂ ਮਦਦ ਦੇਣ ਵੇਲੇ ਵਿਤਕਰਾ ਕਰਨ ਦੀਆਂ ਖਬਰਾਂ ਵੀ ਆਈਆਂ ਹਨ। ਹਜ਼ਾਰਾਂ ਏਕੜ ਫਸਲਾਂ ਬਰਬਾਦ ਹੋ ਗਈਆਂ ਹਨ, ਸੈਂਕੜੇ ਪਸ਼ੂ ਪਾਣੀ ਵਿੱਚ ਰੁੜ੍ਹ ਗਏ ਹਨ ਤੇ ਬਚੇ ਪਸ਼ੂਆਂ ਲਈ ਚਾਰਾ ਨਹੀਂ ਹੈ। ਲੋਕ ਬੁਖਾਰ, ਪੇਟ ਦੀਆਂ ਬਿਮਾਰੀਆਂ ਤੇ ਚਮੜੀ ਰੋਗ ਤੋਂ ਗ੍ਰਸਤ ਹੋ ਰਹੇ ਹਨ ਤੇ ਪੀਣ ਵਾਲੇ ਪਾਣੀ ਤੋਂ ਵੀ ਵਾਂਝੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲਦੀ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਤੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਵੱਲਾ ਸਮੇਤ ਅਨੇਕਾਂ ਮੈਡੀਕਲ ਅਦਾਰੇ ਹਨ, ਜਿਨ੍ਹਾਂ ਦੇ ਸੈਂਕੜੇ ਡਾਕਟਰ ਤੇ ਹੋਰ ਨਰਸਿੰਗ ਸਟਾਫ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦਾ ਉਨ੍ਹਾਂ ਦੇ ਪਿੰਡਾਂ 'ਚ ਜਾ ਕੇ ਮੁਫਤ ਇਲਾਜ ਤੇ ਲੈਬ ਟੈਸਟ ਆਦਿ ਕਰਦਿਆਂ ਉਨ੍ਹਾਂ ਦੇ ਜ਼ਖਮਾਂ 'ਤੇ ਮਲ੍ਹਮ ਲਾ ਸਕਦੇ ਹਨ, ਪਰ ਸ਼੍ਰੋਮਣੀ ਕਮੇਟੀ ਇਸ ਨੇਕ ਕਾਰਜ ਪ੍ਰਤੀ ਅੱਖਾਂ ਮੀਟੀ ਬੈਠੀ ਹੈ। ਸਿੱਖ ਹਲਕਿਆਂ ਵਿੱਚ ਚਰਚਾ ਹੈ ਕਿ ਖਾਲਸਾ ਏਡ ਸੰਸਥਾ ਅਤੇ ਸੰਤ ਸੀਚੇਵਾਲ ਵਰਗੇ ਸਮਾਜ ਸੇਵੀ ਜੇ ਦਿਨ ਰਾਤ ਪੀੜਤਾਂ ਦੀ ਸਹਾਇਤਾ ਲਈ ਅੱਗੇ ਆ ਸਕਦੇ ਹਨ ਤਾਂ ਸ਼੍ਰੋਮਣੀ ਕਮੇਟੀ ਨੂੰ ਪੰਜਾਬ ਸਰਕਾਰ ਤੇ ਸਮਾਜ ਸੇਵੀ ਸੰਸਥਾਵਾਂ ਤੋਂ ਵੀ ਅੱਗੇ ਵਧ ਕੇ ਪੀੜਤਾਂ ਦੀ ਸਹਾਇਤਾ ਲਈ ਉਨ੍ਹਾਂ ਤੱਕ ਪੁੱਜਣਾ ਚਾਹੀਦਾ ਸੀ।

## ਪੰਜਾਬ ਐਗਰੋ ਦੇ ਗੁਦਾਮ ਵਿੱਚੋਂ 466 ਗੱਟੇ ਕਣਕ ਲੁੱਟੀ ਗਏ

ਗੁਰਾਇਆ, 26 ਅਗਸਤ (ਪੋਸਟ ਬਿਊਰੋ)- ਫਗਵਾੜਾ ਰੋਡ ਉੱਤੇ ਗੁਰਾਇਆ ਨਿਊ ਓਂਕਾਰ ਢਾਬਾ ਨੇੜੇ ਬਣੇ ਪੰਜਾਬ ਐਗਰੋ ਦੇ ਗੁਦਾਮ ਵਿੱਚੋਂ ਲੁਟੇਰਿਆਂ ਵੱਲੋਂ 466 ਗੱਟੇ ਕਣਕ ਦੇ ਲੁੱਟ ਕੇ ਲੈ ਜਾਣ ਦੀ ਸੂਚਨਾ ਮਿਲੀ ਹੈ।

ਪਤਾ ਲੱਗਾ ਹੈ ਕਿ ਪੰਜਾਬ ਐਗਰੋ ਦੇ ਇੰਸਪੈਕਟਰ ਨਿਰਭੈ ਸਿੰਘ ਨੇ ਕਿਹਾ ਕਿ ਗੁਦਾਮ 'ਚ ਤਿੰਨ ਚੌਕੀਦਾਰ ਰੱਖੇ ਹੋਏ ਹਨ। ਕੱਲ੍ਹ ਰਾਤ ਰਾਜੇਸ਼ ਚੌਕੀਦਾਰ ਆਪਣੀ ਡਿਊਟੀ ਖਤਮ ਕਰਕੇ ਦੂਜੇ ਚੌਕੀਦਾਰ ਜਗਦੀਸ਼ ਲਾਲ ਨੂੰ ਚਾਰਜ ਦੇ ਕੇ ਸੌਣ ਚਲਾ ਗਿਆ। ਚੌਕੀਦਾਰ ਜਗਦੀਸ਼ ਲਾਲ ਨੇ ਕਿਹਾ ਕਿ ਰਾਤ ਕਰੀਬ ਛੇ ਵਿਅਕਤੀ, ਜਿਨ੍ਹਾਂ ਨੇ ਕੱਪੜੇ ਨਾਲ ਮੂੰਹ ਬੰਨ੍ਹੇ ਹੋਏ ਸਨ, ਗੁਦਾਮ ਦੀ ਕੰਧ ਟੱਪ ਕੇ ਅੰਦਰ ਦਾਖਲ ਹੋਏ ਤੇ ਉਨ੍ਹਾਂ ਨੇ ਗੁਦਾਮ ਦੀ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ। ਜਦੋਂ ਬਿਜਲੀ ਗੁੱਲ ਹੋਈ ਦੇਖੀ ਤਾਂ ਉਹ ਬਿਜਲੀ ਦੇ ਖਰਾਬ ਪੁਆਇੰਟ ਕੋਲ ਗਿਆ, ਜਿੱਥੇ ਕੰਧ ਓਹਲੇ ਲੁਕੇ ਹੋਏ ਵਿਅਕਤੀਆਂ ਨੇ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਉਸ ਨੂੰ ਕਮਰੇ 'ਚ ਡੱਕ ਦਿੱਤਾ ਅਤੇ ਫਿਰ ਦੂਜੇ ਚੌਕੀਦਾਰ ਰਾਜੇਸ਼ ਨੂੰ ਅਤੇ ਨਾਲ ਦੇ ਕਮਰੇ 'ਚ ਰਹਿ ਰਹੇ ਪਰਵਾਰ ਸਮੇਤ ਗੁਦਾਮ ਨਜ਼ਦੀਕ ਰਹਿ ਰਹੇ ਦੋ ਹੋਰ ਵਿਅਕਤੀਆਂ ਨੂੰ ਉਨ੍ਹਾਂ ਨਾਲ ਹੀ ਕਮਰੇ 'ਚ ਹੱਥ ਬੰਨ੍ਹ ਕੇ ਬੰਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਗੋਲੀ ਮਾਰ ਦੇਣ ਦਾ ਡਰਾਵਾ ਦੇ ਰਹੇ ਸਨ ਅਤੇ ਸਾਨੂੰ ਕਮਰੇ ਵਿੱਚ ਬੰਦ ਕਰਨ ਤੋਂ ਬਾਅਦ ਉਨ੍ਹਾਂ ਲੋਹੇ ਦੀਆਂ ਰਾਡਾਂ ਨਾਲ ਮੇਨ ਗੇਟ ਦੇ ਤਾਲੇ ਭੰਨ੍ਹ ਕੇ ਟਰੱਕ 'ਚ ਕਣਕ ਦੀਆਂ ਬੋਰੀਆਂ ਲੈ ਗਏ।

ਪੰਜਾਬ ਐਗਰੋ ਦੇ ਇੰਸਪੈਕਟਰ ਨਿਰਭੈ ਸਿੰਘ ਨੇ ਕਿਹਾ ਕਿ ਪੰਜਾਬ ਐਗਰੋ ਦੇ ਡੀ ਐਮ ਸੁਖਵਿੰਦਰ ਸਿੰਘ ਰੰਧਾਵਾ ਦੀ ਹਾਜ਼ਰੀ ਵਿੱਚ ਬੋਰੀਆਂ ਦੀ ਗਿਣਤੀ ਕੀਤੀ ਤਾਂ ਪਤਾ ਲੱਗਾ ਕਿ ਲੁਟੇਰੇ 466 ਗੱਟੇ ਕਣਕ ਦੇ ਲੈ ਗਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਚੌਕੀਦਾਰ ਮੁਤਾਬਕ 1.30 ਵਜੇ ਦੇ ਕਰੀਬ ਲੁਟੇਰੇ ਕੰਧ ਟੱਪ ਕੇ ਗੁਦਾਮ ਅੰਦਰ ਵੜੇ ਅਤੇ 15-20 ਮਿੰਟ 'ਚ ਹੱਥ ਬੰਨ੍ਹਣ ਅਤੇ ਉਨ੍ਹਾਂ ਨੂੰ ਕਮਰੇ 'ਚ ਡੱਕਣ ਨੂੰ ਲੱਗੇ ਅਤੇ ਚੌਕੀਦਾਰ ਵੱਲੋਂ ਤਿੰਨ ਵੱਜ ਕੇ 18 ਮਿੰਟ 'ਤੇ ਲੁੱਟ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਇਸ ਦਾ ਮਤਲਬ ਲੁਟੇਰੇ ਇਕ ਘੰਟਾ ਅਤੇ 48 ਮਿੰਟ 'ਚ 466 ਗੱਟੇ ਕਣਕ ਦੇ ਟਰੱਕ 'ਚ ਲੱਦ ਕੇ ਲੈ ਗਏ, ਜੋ ਛੇ ਵਿਅਕਤੀ ਪੌਣੇ ਦੋ ਘੰਟੇ 'ਚ 466 ਗੱਟੇ ਕਦੀ ਵੀ ਨਹੀਂ ਲੱਦ ਸਕਦੇ।

## ਮੁੱਖ ਮੰਤਰੀ ਦੇ ਖਾਸ ਨੇੜੂ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਸਰਕਾਰ 'ਤੇ ਨਿਸ਼ਾਨਾ ਸੇਧਿਆ

ਜਲੰਧਰ, 26 ਅਗਸਤ (ਪੋਸਟ ਬਿਊਰੋ)- ਪੰਜਾਬ ਦੀ ਕਾਂਗਰਸ ਪਾਰਟੀ ਦੇ ਵਿਧਾਇਕਾਂ ਵਿੱਚ ਇਹ ਰੋਸ ਵਧਦਾ ਜਾਂਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਉੱਤੇ ਅਫਸਰਸ਼ਾਹੀ ਪੂਰੀ ਤਰ੍ਹਾਂ ਨਾਲ ਹਾਵੀ ਹੋ ਚੁੱਕੀ ਹੈ। ਇਸ ਕਾਰਨ ਇਕ ਪਾਸੇ ਵਿਧਾਇਕ ਆਪਣੀ ਸੁਣਵਾਈ ਨਾ ਹੋਣ ਨਾਲ ਦੁਖੀ ਹਨ, ਦੂਸਰੇ ਪਾਸੇ ਕਾਂਗਰਸ ਵਰਕਰਾਂ ਵਿੱਚ ਵੀ ਨਾਰਾਜ਼ਗੀ ਵਾਲਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ। ਵਰਕਰਾਂ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਢਾਈ ਸਾਲ ਦਾ ਸਮਾਂ ਹੋ ਚੁੱਕਾ ਹੈ ਪ੍ਰੰਤੂ ਉਨ੍ਹਾਂ ਨੂੰ ਜ਼ਰਾ ਵੀ ਇਹ ਨਹੀਂ ਲੱਗਦਾ ਕਿ ਉਹ ਹਾਕਮ ਪਾਰਟੀ ਦਾ ਹਿੱਸਾ ਹਨ।



ਇਸੇ ਰੋਸ ਦੇ ਮਾਹੌਲ ਵਿੱਚ ਸਰਕਾਰ ਦੀ ਕਾਰਜਸ਼ੈਲੀ ਤੋਂ ਨਾਰਾਜ਼ ਰਾਜਪੁਰਾ ਤੋਂ ਕਾਂਗਰਸ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਕਹਿ ਦਿੱਤਾ ਕਿ ਸਰਕਾਰ ਉੱਤੇ ਅਫਸਰਸ਼ਾਹੀ ਪੂਰੀ ਤਰ੍ਹਾਂ ਨਾਲ ਆਪਣਾ ਪ੍ਰਭਾਵ ਕਾਇਮ ਕਰ ਚੁੱਕੀ ਹੈ ਅਤੇ ਇਸ ਦੇ ਬਾਅਦ ਅਫਸਰਾਂ ਦਾ ਕਾਂਗਰਸ ਵਰਕਰਾਂ ਨਾਲ ਵਿਹਾਰ ਵੀ ਚੰਗਾ ਨਹੀਂ ਹੈ। ਹਰਦਿਆਲ ਸਿੰਘ ਕੰਬੋਜ ਨੇ ਰਾਜ ਸਰਕਾਰ ਦੇ ਕੰਮ ਉੱਤੇ ਨਾਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਹਾਲਾਤ ਅਜਿਹੇ ਬਣ ਚੁੱਕੇ ਹਨ ਕਿ ਅਫਸਰ ਕਿਸੇ ਵੀ ਕਾਂਗਰਸ ਵਰਕਰਾਂ ਦੀ ਤਾਂ ਕੀ, ਚੁਣੇ ਹੋਏ ਵਿਧਾਇਕਾਂ ਤੱਕ ਦੀ ਗੱਲ ਨਹੀਂ ਸੁਣਦੇ ਅਤੇ ਉਨ੍ਹਾਂ ਦੇ ਕੰਮਾਂ ਵਿੱਚ ਰੁਕਾਵਟ ਪਾਉਂਦੇ ਹਨ। ਵਿਧਾਨ ਸਭਾ ਵਿੱਚ ਪਾਰਟੀ ਦੇ ਚੀਫ ਵ੍ਹਿਪ ਅਤੇ ਦੂਸਰੀ ਵਾਰ ਚੋਣ ਜਿੱਤੇ ਹੋਏ ਹਰਦਿਆਲ ਸਿੰਘ ਕੰਬੋਜ਼ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਅਤੇ ਪਾਰਲੀਮੈਂਟ ਮੈਂਬਰ ਪਰਨੀਤ ਕੌਰ ਦੇ ਬਹੁਤ ਕਰੀਬੀ ਮੰਨਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਉਹ ਆਪਣੀ ਕਹਾਣੀ ਨਹੀਂ ਦੱਸ ਰਹੇ, ਸਾਰੇ ਪੰਜਾਬ ਦੇ ਵਰਕਰਾਂ ਦੀ ਭਾਵਨਾ ਤੋਂ ਜਾਣੂ ਕਰਵਾ ਰਹੇ ਹਨ। ਉਂਜ ਅਕਾਲੀ ਦਲ ਭਾਜਪਾ ਗੱਠਜੋੜ ਦੇ ਰਾਜ ਵਿੱਚ ਅਕਾਲੀ ਵਰਕਰਾਂ ਨੇ ਵੀ ਇਹੋ ਹੀ ਮਹਿਸੂਸ ਕੀਤਾ ਸੀ। ਅੱਜ ਨੌਕਰਸ਼ਾਹੀ ਤੋਂ ਕੰਮ ਕਰਵਾਉਣ ਲਈ ਕਾਫੀ ਜਦੋ ਜਹਿਦ ਕਰਨੀ ਪੈ ਰਹੀ ਹੈ।

ਵਰਨਣ ਯੋਗ ਹੈ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਹਰਦਿਆਲ ਸਿੰਘ ਕੰਬੋਜ ਨੇ ਜ਼ਿਲਾ ਅਧਿਕਾਰੀਆਂ ਤੇ ਸੀਨੀਅਰ ਅਫਸਰਾਂ ਵੱਲੋਂ ਕੀਤੇ ਜਾਂਦੇ ਅਸਹਿਯੋਗ ਦਾ ਮਾਮਲਾ ਚੁੱਕਿਆ ਸੀ। ਨਵਜੋਤ ਸਿੰਘ ਸਿੱਧੂ ਦੇ ਅਸਤੀਫੇ ਦੇ ਪਿੱਛੋਂ ਪੰਜਾਬ ਮੰਤਰੀ ਮੰਡਲ ਵਿੱਚ ਖਾਲੀ ਹੋਈ ਕੁਰਸੀ ਦੇ ਮਾਮਲੇ ਵਿੱਚ ਹਰਦਿਆਲ ਸਿੰਘ ਕੰਬੋਜ ਨੇ ਖੁੱਲ੍ਹ ਕੇ ਕਿਹਾ ਕਿ ਮੰਤਰੀ ਮੰਡਲ ਵਿੱਚ ਓ ਬੀ ਸੀ ਵਰਗ ਦਾ ਕੋਈ ਪ੍ਰਤੀਨਿਧ ਨਾ ਹੋਣ ਕਾਰਨ ਪਿਛੜਾ ਵਰਗ ਨੂੰ ਪ੍ਰਤੀਨਿਧੀਤਾ ਦੇਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਪੰਜਾਬ ਦੇ ਵੱਖ-ਵੱਖ ਬੋਰਡਾਂ ਅਤੇ ਜ਼ਿਲਾ ਪੱਧਰ ਦੀਆਂ ਕਮੇਟੀਆਂ ਦੇ ਚੇਅਰਮੈਨ ਜਲਦੀ ਨਿਯੁਕਤ ਕਰਨ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਚੇਅਰਮੈਨੀਆਂ ਦੇ ਅਲਾਂਟ ਦਾ ਕੰਮ ਇਸ ਮਹੀਨੇ ਦੇ ਅੰਤ ਤੱਕ ਕੀਤਾ ਜਾਵੇਗਾ।

## ਅਣਖ ਦੇ ਨਾਂਅ ਉੱਤੇ ਲੜਕੀ ਦੇ ਮਾਪਿਆਂ ਨੇ ਨੌਜਵਾਨ ਮਾਰਿਆ

ਗੁਰਦਾਸਪੁਰ, 26 ਅਗਸਤ (ਪੋਸਟ ਬਿਊਰੋ)- ਵਰਸੋਲਾ ਦੇ ਨਾਲ ਲੱਗਦੇ ਪਿੰਡ ਤੁੰਗ ਵਿਖੇ ਕੱਲ੍ਹ ਰਾਤ ਪ੍ਰੇਮ ਸੰਬੰਧਾਂ ਦੇ ਕਾਰਨ ਲੜਕੀ ਦੇ ਮਾਪਿਆਂ ਨੇ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ।




ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਯੂਸਫ ਮਸੀਹ ਪੁੱਤਰ ਕਮਲਜੀਤ ਦੇ ਆਪਣੇ ਪਿੰਡ ਦੀ ਇੱਕ ਲੜਕੀ ਨਾਲ ਪ੍ਰੇਮ ਸੰਬੰਧ ਸਨ ਕਿ ਕੱਲ੍ਹ ਰਾਤ ਲੜਕੀ ਦੇ ਮਾਪਿਆਂ ਨੇ ਉਸ ਨੂੰ ਪਿੰਡ ਦੇ ਬਾਹਰਵਾਰ ਅਗਵਾ ਕਰ ਕੇ ਉਸ ਦੀ ਬੁਰੀ ਤਰ੍ਹਾਂ ਮਾਰ ਕੁਟ ਕੀਤੀ ਅਤੇ ਫਿਰ ਉਸ ਨੂੰ ਚੁੱਕ ਕੇ ਆਪਣੇ ਘਰ ਲਿਜਾ ਕੇ ਉਸ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਥਾਣਾ ਸਦਰ ਗੁਰਦਾਸਪੁਰ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ ਹੈ।

ਪਤਾ ਲੱਗਾ ਹੈ ਕਿ ਪਿੰਡ ਤੁੰਗ ਦਾ ਨੌਜਵਾਨ ਯੂਸਫ ਪੁੱਤਰ ਕਮਲਜੀਤ ਮਸੀਹ ਕੁਝ ਦਿਨ ਪਹਿਲਾਂ ਪਿੰਡ ਦੀ ਇੱਕ ਕੁੜੀ ਨਾਲ ਫਰਾਰ ਹੋ ਗਿਆ ਸੀ, ਜਿਸ ਤੋਂ ਤਿੰਨ ਦਿਨ ਬਾਅਦ ਕੁੜੀ ਦੇ ਪਰਵਾਰ ਨੇ ਉਨ੍ਹਾਂ ਨੂੰ ਸ੍ਰੀ ਨਗਰ ਤੋਂ ਕਾਬੂ ਕਰ ਲਿਆ ਤੇ ਪਿੰਡ ਦੀ ਪੰਚਾਇਤ ਨੇ ਮਾਮਲਾ ਸੁਲਝਾ ਕੇ ਕੁੜੀ ਨੂੰ ਆਪਣੇ ਘਰ ਭੇਜ ਦਿੱਤਾ। ਕੱਲ੍ਹ ਜਦੋਂ ਯੂਸਫ ਪਿੰਡ ਨੇੜੇ ਹੀ ਮੇਲਾ ਦੇਖਣ ਗਿਆ ਤਾਂ ਉਥੋਂ ਕੁੜੀ ਦੇ ਭਰਾ ਉਸ ਨੂੰ ਚੁੱਕ ਕੇ ਘਰ ਲੈ ਗਏ, ਜਿਸ ਤੋਂ ਬਾਅਦ ਉਸ ਦੇ ਪਰਵਾਰ ਵਾਲੇ ਕੁੜੀ ਦੇ ਘਰ ਗਏ, ਪਰ ਉਨ੍ਹਾਂ ਨੇ ਅੰਦਰ ਨਾ ਜਾਣ ਦਿੱਤਾ। ਇਸ ਉਪਰੰਤ ਉਸ ਦੇ ਪਰਵਾਰ ਨੇ ਪੁਲਸ ਨੂੰ ਸੂਚਿਤ ਕੀਤਾ, ਜਿਸ ਤੋਂ ਪੁਲਸ ਨੇ ਕੁੜੀ ਦੇ ਘਰ ਜਾ ਕੇ ਤਲਾਸ਼ੀ ਲਈ ਤਾਂ ਉਥੋਂ ਯੂਸਫ ਦੀ ਲਾਸ਼ ਮਿਲੀ।

## ਫਾਈਨੈਂਸਰ ਅਤੇ ਮਹਿਲਾ ਦੇ ਸਤਾਏ ਫੈਕਟਰੀ ਮਾਲਕ ਨੇ ਖੁਦਕੁਸ਼ੀ ਕਰ ਲਈ

ਲੁਧਿਆਣਾ, 26 ਅਗਸਤ (ਪੋਸਟ ਬਿਊਰੋ)- ਸਟਾਰ ਟੂਲ ਫੈਕਟਰੀ ਦੇ ਮਾਲਕ ਅਤੇ ਉਦਯੋਗਪਤੀ ਬਲਵਿੰਦਰ ਸਿੰਘ ਨੇ ਇੱਕ ਫਾਈਨਸਰ ਅਤੇ ਮਹਿਲਾ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ। ਦੋ ਦਿਨ ਬਾਅਦ ਉਨ੍ਹਾਂ ਦੀ ਲਾਸ਼ ਨਹਿਰ 'ਚੋਂ ਮਿਲੀ ਹੈ। ਥਾਣਾ ਡੇਹਲੋਂ ਪੁਲਸ ਨੇ ਧਾਂਦਰਾ ਦੇ ਜੋਤ ਇਨਕਲੇਵ ਦੇ ਵਾਸੀ ਇਸ ਮ੍ਰਿਤਕ ਦੇ ਬੇਟੇ ਹਰਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ ਨਿਊ ਜਨਤਾ ਨਗਰ ਦੀ ਮਨਜੀਤ ਕੌਰ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ ਫਾਈਨੈਂਸਰ ਮਿਹਰ ਸਿੰਘ ਦੇ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਮਾਮਲਾ ਦਰਜ ਕੀਤਾ ਹੈ। ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਐਕਸਪੋਰਟ ਦਾ ਕੰਮ ਵੀ ਕਰਦੇ ਸਨ। 2012-13 ਵਿੱਚ ਉਨ੍ਹਾਂ ਨੂੰ ਕਾਰੋਬਾਰ ਵਿੱਚ ਭਾਰੀ ਨੁਕਸਾਨ ਹੋਇਆ ਸੀ। ਇਸ ਦੌਰਾਨ



ਮਨਜੀਤ ਕੌਰ ਪਿਤਾ ਦੇ ਸੰਪਰਕ ਵਿੱਚ ਆਈ ਅਤੇ ਕਿਹਾ ਕਿ ਉਹ ਉਨ੍ਹਾਂ ਨੂੰ ਆਰਡਰ ਦਿਵਾ ਕੇ ਨੁਕਸਾਨ ਦਾ ਘਾਟਾ ਪੂਰਾ ਕਰਵਾ ਦੇਵੇਗੀ। ਉਸ ਦੇ ਬਾਅਦ ਮਨਜੀਤ ਨੇ ਉਨ੍ਹਾਂ ਨੂੰ ਇੱਕ ਕੰਟੇਨਰ ਦਾ ਆਰਡਰ ਦਿਵਾਇਆ ਅਤੇ ਕਮਿਸ਼ਨ ਵਜੋਂ 1.65 ਲੱਖ ਰੁਪਏ ਲਏ। ਇਸੇ ਦੌਰਾਨ ਉਨ੍ਹਾਂ ਦੀ ਫੈਕਟਰੀ ਤੋਂ ਮਾਡਰਨ ਫਾਸਟਨਰ ਤੇ ਧੰਜਲ ਸਟੀਲ ਪ੍ਰੋਡਕਟ ਨਾਂਅ ਦੀਆਂ ਦੋ ਫਰਮਾਂ ਦੇ 254 ਚੈੱਕ ਚੋਰੀ ਹੋ ਗਏ। ਇਨ੍ਹਾਂ ਚੋਰੀ ਕੀਤੇ ਚੈੱਕਾਂ ਵਿੱਚੋਂ ਮਨਜੀਤ ਨੇ ਕੁਝ ਚੈੱਕ ਬੈਂਕ ਵਿੱਚ ਲਾ ਦਿੱਤੇ ਅਤੇ ਇੱਕ 35 ਲੱਖ ਰੁਪਏ ਦਾ ਚੈੱਕ ਦਾ ਕੇਸ ਅਦਾਲਤ ਵਿੱਚ ਲਾ ਦਿੱਤਾ। ਇਸ ਕੇਸ ਵਿੱਚ ਉਸ ਨੂੰ (ਹਰਪ੍ਰੀਤ ਸਿੰਘ) ਨੂੰ ਦੋ ਸਾਲ ਦੀ ਸਜ਼ਾ ਹੋ ਗਈ, ਪ੍ਰੰਤੂ ਉਸ ਨੇ ਸਜ਼ਾ ਦੇ ਖਿਲਾਫ ਅਪੀਲ ਕਰ ਦਿੱਤੀ। ਇਸੇ ਦੌਰਾਨ ਉਸ ਦੇ ਪਿਤਾ ਨੇ ਫਾਈਨੈਂਸਰ ਮਿਹਰ ਸਿੰਘ ਤੋਂ 18 ਲੱਖ ਕਰਜ਼ਾ ਲਿਆ ਸੀ, ਜਿਸ ਦੇ ਬਦਲੇ ਕਿਸ਼ਤਾਂ ਵਿੱਚ ਉਹ ਕਰੀਬ 35 ਲੱਖ ਰੁਪਏ ਵਾਪਸ ਕਰ ਚੁੱਕੇ ਹਨ, ਪਰ ਫਿਰ ਵੀ ਮਿਹਰ ਸਿੰਘ ਪੈਸੇ ਮੰਗਦਾ ਸੀ। ਉਸ ਦੇ ਪਿਤਾ ਅਕਸਰ ਕਹਿੰਦੇ ਸਨ ਕਿ ਉਹ ਮਨਜੀਤ ਅਤੇ ਫਾਈਨੈਂਸਰ ਮਿਹਰ ਤੋਂ ਬੜੇ ਪਰੇਸ਼ਾਨ ਹਨ ਤੇ ਖੁਦਕੁਸ਼ੀ ਕਰ ਲੈਣਗੇ। ਹਰਪ੍ਰੀਤ ਨੇ ਕਿਹਾ ਕਿ 22 ਅਗਸਤ ਨੂੰ ਉਸ ਦੇ ਪਿਤਾ ਬਲਵਿੰਦਰ ਸਿੰਘ ਐਕਟਿਵਾ 'ਤੇ ਪਿੰਡ ਗਿੱਲ ਵਿੱਚ ਆਪਣੇ ਰਿਸ਼ਤੇਦਾਰ ਦੇ ਘਰ ਗਏ। ਉਥੇ ਕੁਝ ਸਮਾਂ ਰੁਕਣ ਦੇ ਬਾਅਦ ਘਰ ਲਈ ਨਿਕਲੇ 'ਤੇ ਘਰ ਨਹੀਂ ਪਹੁੰਚੇ। ਉਨ੍ਹਾਂ ਦੀ ਐਕਟਿਵਾ ਪਿੰਡ ਰਾਜਗੜ੍ਹ ਦੇ ਨਜ਼ਦੀਕ ਜਾ ਕੇ ਸਿੱਧਵਾਂ ਨਹਿਰ ਦੇ ਕਿਨਾਰੇ ਮਿਲੀ।

## ਰਾਹਤ ਸਮੱਗਰੀ ਵੰਡਣ ਤੋਂ ਦੋ ਧਿਰਾਂ ਦਾ ਝਗੜਾ, ਫਾਇਰਿੰਗ 'ਚ ਛੇ ਜ਼ਖਮੀ

ਸੁਲਤਾਨਪੁਰ ਲੋਧੀ, 26 ਅਗਸਤ (ਪੋਸਟ ਬਿਊਰੋ)- ਨੇੜਲੇ ਪਿੰਡ ਸ਼ੇਖਮਾਂਗਾ ਵਿੱਚ ਰਾਹਤ ਸਮੱਗਰੀ ਵੰਡਣ ਤੋਂ ਦੋ ਧਿਰਾਂ ਵਿੱਚ ਝਗੜੇ ਦੇ ਬਾਅਦ ਇਕ ਧਿਰ ਵੱਲੋਂ ਕੀਤੀ ਫਾਇਰਿੰਗ ਦੇ ਕਾਰਨ ਛੇ ਵਿਅਕਤੀ ਜ਼ਖਮੀ ਹੋ ਗਏ।

ਇਸ ਬਾਰੇ ਡੀ ਐਸ ਪੀ ਸੁਲਤਾਨਪੁਰ ਲੋਧੀ ਸਰਵਨ ਸਿੰਘ ਬੱਲ ਨੇ ਦੱਸਿਆ ਕਿ ਪਿੰਜ ਸ਼ੇਖਮਾਂਗਾ ਵਿੱਚ ਕੱਲ੍ਹ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਮਾਜ ਸੇਵੀ ਟਰਾਲੀ ਵਿੱਚ ਰਾਸ਼ਨ ਸਮੱਗਰੀ ਵੰਡਣ ਲਈ ਆਏ ਤਾਂ ਵੰਡਣ ਵੇਲੇ ਸਾਬਕਾ ਸਰਪੰਚ ਤੇ ਦੂਸਰੀ ਧਿਰ ਦਾ ਆਪੋ ਵਿੱਚ ਟਕਰਾਅ ਹੋ ਗਿਆ, ਜਿਸ ਦੀ ਖਬਰ ਕਿਸੇ ਨੇ ਸਰਪੰਚ ਦੇ ਪਰਵਾਰ ਨੂੰ ਦਿੱਤੀ। ਉਨ੍ਹਾਂ ਨੇ ਆਉਂਦੇ ਹੀ ਫਾਇਰਿੰਗ ਕਰ ਦਿੱਤੀ, ਜਿਸ ਨਾਲ ਦੂਸਰੀ ਧਿਰ ਦੇ ਛੇ ਜਣੇ ਕੁਲਵੰਤ ਸਿੰਘ ਪੁੱਤਰ ਲੱਖਾ ਸਿੰਘ, ਗੁਰਜੰਟ ਸਿੰਘ ਪੁੱਤਰ ਲੱਖਾ ਸਿੰਘ, ਗੁਰਮੀਤ ਸਿੰਘ ਪੁੱਤਰ ਗੁਰਜੰਟ ਸਿੰਘ, ਰਤਨ ਸਿੰਘ ਪੁੱਤਰ ਬਲਵੀਰ ਸਿੰਘ, ਹਰਜੀਤ ਸਿੰਘ ਪੁੱਤਰ ਸਾਹਿਬ ਸਿੰਘ, ਜੋਗਿੰਦਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਜ਼ਖਮੀ ਹੋ ਗਏ। ਉਨ੍ਹਾਂ ਨੂੰ ਪੁਲਸ ਵੱਲੋਂ ਐਂਬੂਲੈਂਸ ਦੇ ਰਾਹੀਂ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿੱਚ ਦਾਖਲ ਕਰਵਾਇਆ ਗਿਆ। ਇਨ੍ਹਾਂ 'ਚੋਂ ਦੋ ਜਣਿਆਂ ਦੀ ਹਾਲਤ ਗੰਭੀਰ ਹੈ, ਜਦ ਕਿ ਹੋਰ ਜ਼ਖਮੀਆਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਪੁਲਸ ਅਧਿਕਾਰੀਆਂ ਨੇ ਕਿਹਾ ਕਿ ਫਾਇਰਿੰਗ ਦੋਨਾਲੀ ਦੇ ਨਾਲ ਕੀਤੀ ਪ੍ਰਤੀਤ ਹੁੰਦੀ ਹੈ। ਡੀ ਐਸ ਪੀ ਨੇ ਕਿਹਾ ਕਿ ਉਕਤ ਦੋਵਾਂ ਧਿਰਾਂ ਵਿੱਚ ਪਹਿਲਾਂ ਕੋਈ ਰੰਜ਼ਿਸ਼ ਹੈ। ਪੁਲਸ ਵੱਲੋਂ ਜ਼ਖਮੀ ਵਿਅਕਤੀਆਂ ਦੇ ਬਿਆਨ ਦਰਜ ਕੀਤੇ ਗਏ ਅਤੇ ਥਾਣਾ ਕਬੀਰਪੁਰ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ।



## ਫੋਨ ਉੱਤੇ ਵਕਤ ਗੁਜ਼ਾਰਨਾ ਮਾਨਸਿਕ ਸਿਹਤ ਲਈ ਓਨਾ ਵੀ ਬੁਰਾ ਨਹੀਂ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਆਮ ਤੌਰ 'ਤੇ ਸਮਾਰਟਫੋਨ ਦੀ ਵਰਤੋਂ ਦੇ ਨਾਂਹਪੱਖੀ ਪ੍ਰਭਾਵਾਂ ਬਾਰੇ ਲੋਕਾਂ ਨੂੰ ਗੱਲ ਕਰਦੇ ਦੇਖਿਆ ਜਾਂਦਾ ਹੈ, ਪਰ ਖੋਜਕਾਰਾਂ ਨੇ ਕੁਝ ਅਜਿਹਾ ਪਾਇਆ ਹੈ ਜਿਸ ਦੇ ਮੁਤਾਬਕ ਟੀਨੇਜ਼ਰਸ ਦਾ ਆਪਣੇ ਫੋਨ 'ਤੇ ਜਾਂ ਆਨਲਾਈਨ ਵਕਤ ਬਿਤਾਉਣਾ ਮਾਨਸਿਕ ਸਿਹਤ ਦੇ ਲਈ ਓਨਾ ਵੀ ਬੁਰਾ ਨਹੀਂ।

ਨਾਰਥ ਕੈਰੋਲੀਨਾ ਯੂਨੀਵਰਸਿਟੀ ਵਿੱਚ ਅਸਿਸਟੈਂਟ ਪ੍ਰੋਫੈਸਰ ਮਾਇਕੇਲਿਨ ਜੇਨਸਨ ਨੇ ਕਿਹਾ ਕਿ ਆਮ ਧਾਰਨਾ ਦੇ ਉਲਟ ਕਿ ਸਮਾਰਟਫੋਨ ਅਤੇ ਸੋਸ਼ਲ ਮੀਡੀਆ ਮੁੰਡੇ-ਕੁੜੀਆਂ ਦੇ ਮਾਨਸਿਕ ਸਿਹਤ 'ਤੇ ਨਾਂਹਪੱਖੀ ਪ੍ਰਭਾਵ ਪਾ ਰਿਹਾ ਹੈ, ਅਸੀਂ ਇਸ ਵਿਚਾਰ ਲਈ ਖਾਸ ਸਪੋਰਟ ਨਹੀਂ ਦੇਖ ਰਹੇ ਕਿ ਫੋਨ ਅਤੇ ਆਨਲਾਈਨ ਬਿਤਾਏ ਗਏ ਵਕਤ ਦਾ ਸੰਬੰਧ ਮਾਨਸਿਕ ਸਿਹਤ ਸਮੱਸਿਆਵਾਂ ਦੇ ਵੱਡੇ ਖਤਰੇ ਨਾਲ ਹੈ। ਕਲੀਨਿਕਲ ਸਾਇਕੋਲਾਜੀਕਲ ਸਾਇੰਸ ਮੈਗਜ਼ੀਨ ਵਿੱਚ ਛਪੀ ਇੱਕ ਖੋਜ ਲਈ ਖੋਜਕਾਰਾਂ ਨੇ 10 ਤੋਂ 15 ਸਾਲ ਤੱਕ ਦੇ ਉਮਰ ਵਰਗ ਵਿਚਾਲੇ 2000 ਤੋਂ ਵੱਧ ਟੀਨੇਜ਼ਰਸ 'ਤੇ ਪ੍ਰੀਖਣ ਕੀਤਾ। ਖੋਜਕਾਰਾਂ ਨੇ ਦਿਨ ਵਿੱਚ ਤਿੰਨ ਵਾਰ ਇਨ੍ਹਾਂ ਦੇ ਮਾਨਸਿਕ ਸਿਹਤ ਨਾਲ ਸੰਬੰਧਤ ਲੱਛਣਾਂ ਦੇ ਰਿਪੋਰਟ ਨੂੰ ਇਕੱਠਾ ਕੀਤਾ ਅਤੇ ਇਸ ਦੇ ਨਾਲ ਰੋਜ਼ ਉਹ ਫੋਨ ਜਾਂ ਆਨਲਾਈਨ ਜਿੰਨਾ ਸਮਾਂ ਬਿਤਾਉਂਦੇ ਸਨ ਉਸ ਦੇ ਬਾਰੇ ਰਾਤ ਨੂੰ ਰਿਪੋਰਟ ਲਈ ਤਿਆਰ ਕੀਤਾ ਜਾਂਦਾ ਸੀ। ਇਨ੍ਹਾਂ ਰਿਪੋਰਟਾਂ ਨੂੰ ਜਦ ਬਾਅਦ ਵਿੱਚ ਦੇਖਿਆ ਗਿਆ ਤਾਂ ਖੋਜਕਾਰਾਂ ਨੇ ਪਾਇਆ ਕਿ ਡਿਜੀਟਲ ਤਕਨੀਕ ਦੇ ਵੱਧ ਵਰਤੋਂ ਦਾ ਸੰਬੰਧ ਖਰਾਬ ਮਾਨਸਿਕ ਸਿਹਤ ਨਾਲ ਨਹੀਂ ਹੈ। ਖੋਜਕਾਰਾਂ ਨੇ ਕਿਹਾ ਕਿ ਰਿਪੋਰਟ ਵਿੱਚ ਜਿਨ੍ਹਾਂ ਲੜਕਿਆਂ ਦੇ ਵੱਧ ਟੈਕਸਟ ਮੈਸੇਜ ਭੇਜਣ ਦੀ ਸੂਚਨਾ ਮਿਲੀ ਹੈ ਉਹ ਉਨ੍ਹਾਂ ਲੜਕਿਆਂ ਦੀ ਤੁਲਨਾ ਵਿੱਚ ਵਧੀਆ ਮਹਿਸੂਸ ਕਰ ਰਹੇਂ ਸਨ ਜਿਨ੍ਹਾਂ ਨੇ ਮੈਸੇਜ ਭੇਜਿਆ। ਤਕਨੀਕ ਦੇ ਜ਼ਿਆਦਾ ਵਰਤੋਂ ਦੇ ਖਿਲਾਫ ਸਲਾਹ ਦਿੰਦੇ ਹੋਏ ਮਾਹਰਾਂ ਨੇ ਇਸ ਦੀ ਵਰਤੋਂ ਜ਼ਿੰਮੇਵਾਰੀ ਦੇ ਨਾਲ ਕਰਨ 'ਤੇ ਜ਼ੋਰ ਦਿੱਤਾ।

### ਪ੍ਰਗਿਆ ਠਾਕੁਰ ਦਾ ਸ਼ੋਸ਼ਾ

## ਭਾਜਪਾ ਨੇਤਾਵਾਂ ਦੇ ਦਿਹਾਂਤ ਪਿੱਛੇ ਵਿਰੋਧੀ ਧਿਰ ਦਾ ਹੱਥ

ਭੋਪਾਲ, 26 ਅਗਸਤ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਪ੍ਰਗਿਆ ਠਾਕੁਰ ਨੇ ਨਵਾਂ ਬਿਆਨ ਦੇ ਕੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇਤਾਵਾਂ ਦੀ ਮੌਤ ਪਿੱਛੇ ਵਿਰੋਧੀ ਧਿਰ ਦਾ ਹੱਥ ਹੈ, ਜਿਹੜੀ ਭਾਜਪਾ ਦੇ ਨੇਤਾਵਾਂ ਉੱਤੇ ਮਾਰਕ ਸ਼ਕਤੀ ਤਾਂਤਰਿਕ ਕਿਰਿਆ ਕਰ ਰਹੀ ਹੈ।



ਪਤਾ ਲੱਗਾ ਹੈ ਕਿ ਪ੍ਰਗਿਆ ਠਾਕਰ ਨੇ ਮੱਧ ਪ੍ਰਦੇਸ਼ ਭਾਜਪਾ ਦਫਤਰ ਵਿਚ ਸਾਬਕਾ ਵਿੱਤ ਮੰਤਰੀ ਅਰੁਣ ਜੇਤਲੀ ਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਬਾਬੂ ਲਾਲ ਗੌਰ ਦੀ ਸ਼ਰਧਾਂਜਲੀ ਸਭਾ ਵਿਚ ਕਿਹਾ, 'ਇਕ ਮੁਸ਼ਕਲ ਸਮਾਂ ਚੱਲ ਰਿਹਾ ਹੈ। ਮੈਂ ਜਦੋਂ ਚੋਣ ਲੜੀ, ਉਸ ਸਮੇਂ ਇਕ ਮਹਾਰਾਜ ਜੀ ਆਏ। ਉਨ੍ਹਾਂ ਨੇ ਮੈਨੂੰ ਕਿਹਾ, ਤੁਸੀਂ ਆਪਣੀ ਸਾਧਨਾ ਨੂੰ ਘੱਟ ਨਾ ਕਰਨਾ। ਸਾਧਨਾ ਦਾ ਸਮਾਂ ਵਧਾਉਂਦੇ ਰਹਿਣਾ, ਕਿਉਂਕਿ ਮਾੜਾ ਸਮਾਂ ਹੈ ਤੇ ਵਿਰੋਧੀ ਧਿਰ ਅਜਿਹਾ ਕੰਮ ਕਰ ਰਹੀ ਹੈ, ਇਹ ਮਾਰਕ ਸ਼ਕਤੀ ਦੀ ਵਰਤੋਂ ਕਰ ਰਹੀ ਹੈ, ਜਿਸ ਨਾਲ ਭਾਜਪਾ ਪਾਰਟੀ ਨੂੰ ਨੁਕਸਾਨ ਹੋਵੇ।' ਉਨ੍ਹਾਂ ਨੇ ਅੱਗੇ ਕਿਹਾ, 'ਤੁਸੀਂ ਟਾਰਗੇਟ ਹੋ, ਇਸ ਲਈ ਧਿਆਨ ਰੱਖੋ ਅਤੇ ਇਹ ਹੋਣ ਵਾਲਾ ਹੈ। ਮਹਾਰਾਜ ਦੀ ਗੱਲ ਨੂੰ ਭੀੜ ਵਿੱਚ ਚੱਲਦੇ-ਚੱਲਦੇ ਮੈਂ ਸੁਣਿਆ ਤੇ ਭੁੱਲ ਗਈ, ਪਰ ਅੱਜ ਜਦੋਂ ਦੇਖਦੀ ਹਾਂ ਕਿ ਅਸਲ ਵਿਚ ਸਾਡੇ ਸੀਨੀਅਰ ਨੇਤਾ ਸੁਸ਼ਮਾ ਸਵਰਾਜ, ਬਾਬੂ ਲਾਲ ਗੌਰ, ਅਰੁਣ ਜੇਤਲੀ ਦਰਦ ਨੂੰ ਸਹਿਣ ਕਰਦੇ ਚਲੇ ਗਏ, ਮਨ ਵਿੱਚ ਇਕ ਵਾਰ ਆਇਆ ਕਿ ਇਹ ਸੱਚ ਤਾਂ ਨਹੀਂ। ਸੱਚ ਇਹ ਹੈ ਕਿ ਸਾਡੇ ਵਿਚਾਲੇ ਸਾਡੀ ਲੀਡਰਸ਼ਿਪ ਘੱਟਦੀ ਜਾਂਦੀ ਹੈ, ਮਾੜਾ ਸਮਾਂ ਚੱਲ ਰਿਹਾ ਹੈ।

ਵਰਨਣ ਯੋਗ ਹੈ ਕਿ ਪ੍ਰਗਿਆ ਠਾਕਰ ਨੇ ਇਸ ਤੋਂ ਪਹਿਲਾਂ ਵੀ ਵਿਵਾਦ ਪੂਰਨ ਬਿਆਨ ਦਿੱਤਾ ਤੇ ਨਾਥੂਰਾਮ ਗੌਡਸੇ ਨੂੰ ਦੇਸ਼ ਭਗਤ ਦੱਸਿਆ ਸੀ। ਉਨ੍ਹਾਂ ਕਿਹਾ ਕਿ ਨਾਥੂਰਾਮ ਗੌਡਸੇ ਦੇਸ਼ ਭਗਤ ਸਨ, ਹਨ ਤੇ ਰਹਿਣਗੇ। ਉਨ੍ਹਾਂ ਨੂੰ ਅੱਤਵਾਦੀ ਕਹਿਣ ਵਾਲੇ ਲੋਕਾਂ ਨੂੰ ਆਪਣੇ ਅੰਦਰ ਝਾਕਣਾ ਚਾਹੀਦਾ ਹੈ।

## ਸ੍ਰੀਨਗਰ ਵਿੱਚ ਸਕੱਤਰੇਤ ਉੱਤੋਂ ਸੂਬੇ ਦਾ ਝੰਡਾ ਲਾਹ ਕੇ ਤਿਰੰਗਾ ਝੁਲਾ ਦਿੱਤਾ ਗਿਆ

ਸ੍ਰੀਨਗਰ, 26 ਅਗਸਤ (ਪੋਸਟ ਬਿਊਰੋ)- ਜੰਮੂ ਕਸ਼ਮੀਰ ਤੋਂ ਧਾਰਾ 370 ਦੀਆਂ ਵੱਖ-ਵੱਖ ਵਿਵਸਥਾ ਹਟਾਏ ਜਾਣ ਦੇ ਬਾਅਦ ਐਤਵਾਰ ਸ੍ਰੀਨਗਰ ਵਿਚਲੇ ਸਕੱਤਰੇਤ ਤੋਂ ਇਸ ਰਾਜ ਦਾ ਝੰਡਾ ਹਟਾ ਦਿੱਤਾ ਤਾਂ ਉਥੇ ਸਿਰਫ ਤਿੰਰਗਾ ਝੰਡਾ ਰਹਿ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਅੱਗੇ ਤੋਂ ਜੰਮੂ ਕਸ਼ਮੀਰ ਦੇ ਸਭ ਸਰਕਾਰੀ ਦਫਤਰਾਂ ਉੱਤੇ ਸਿਰਫ ਤਿਰੰਗਾ ਹੀ ਹੋਵੇਗਾ ਅਤੇ ਇਸ ਰਾਜ ਨੂੰ ਜੋ ਵਿਸ਼ੇਸ਼ ਅਧਿਕਾਰ ਮਿਲੇ ਹੋਏ ਸਨ, ਉਹ ਖਤਮ ਕਰ ਦਿੱਤੇ ਗਏ ਹਨ।



ਵਰਨਣ ਯੋਗ ਹੈ ਕਿ ਜੰਮੂ ਕਸ਼ਮੀਰ ਦਾ ਹਾਲੇ ਤੱਕ ਆਪਣਾ ਸੰਵਿਧਾਨ, ਆਪਣਾ ਝੰਡਾ ਅਤੇ ਆਪਣੇ ਕਾਨੂੰਨ ਹੁੰਦੇ ਸਨ, ਪਰ ਧਾਰਾ 370 ਬਾਰੇ ਫੈਸਲੇ ਪਿੱਛੋਂ ਪੂਰੇ ਸੂਬੇ ਵਿੱਚ ਤਿਰੰਗਾ ਝੰਡਾ ਲਹਿਰਾਏਗਾ ਅਤੇ ਇੰਡੀਅਨ ਪੀਨਲ ਕੋਡ ਲਾਗੂ ਹੋਵੇਗਾ। ਸੂਬੇ ਵਿੱਚ ਪਹਿਲਾਂ ਦੇਸ਼ ਦੇ ਹੋਰ ਵਿਅਕਤੀਆਂ 'ਤੇ ਜ਼ਮੀਨ ਖਰੀਦਣ ਦੀ ਪਾਬੰਦੀ ਸੀ, ਜੋ ਖਤਮ ਕਰ ਦਿੱਤੀ ਗਈ ਹੈ। ਜੰਮੂ ਕਸ਼ਮੀਰ ਤੇ ਲੱਦਾਖ ਦੋ ਕੇਂਦਰੀ ਸ਼ਾਸਤ ਰਾਜ ਬਣ ਗਏ ਹਨ ਅਤੇ ਜੰਮੂ ਕਸ਼ਮੀਰ ਦਾ ਪੂਰਾ ਢਾਂਚਾ ਬਦਲ ਗਿਆ ਹੈ। ਏਥੋਂ ਦੇ ਮੌਜੂਦਾ ਗਵਰਨਰ ਅੱਗੇ ਤੋਂ ਕੇਂਦਰੀ ਸ਼ਾਸਤ ਜੰਮੂ ਕਸ਼ਮੀਰ ਅਤੇ ਦੂਜੇ ਕੇਂਦਰ ਸ਼ਾਸਤ ਖੇਤਰ ਲੱਦਾਖ ਦੇ ਲਈ ਲੈਫਟੀਨੈਂਟ ਗਵਰਨਰ ਹੋਣਗੇ। ਜੰਮੂ ਕਸ਼ਮੀਰ ਵਿਧਾਨ ਸਭਾ ਦਾ ਸਮਾਂ ਵੀ ਛੇ ਸਾਲ ਨਹੀਂ, ਸਗੋਂ ਪੰਜ ਸਾਲ ਹੀ ਹੋਵੇਗਾ।

ਧਾਰਾ 370 ਨੂੰ ਹਟਾਉਣਾ ਕੇਂਦਰ ਸਰਕਾਰ ਲਈ ਚੁਣੌਤੀ ਤੋਂ ਘੱਟ ਨਹੀਂ ਸੀ। ਸੁਰੱਖਿਆ ਪ੍ਰਬੰਧ ਬਣਾਈ ਰੱਖਣ ਲਈ ਵਾਦੀ ਵਿੱਚ 35 ਹਜ਼ਾਰ ਤੋਂ ਵੱਧ ਜਵਾਨਾਂ ਨੂੰ ਤੈਨਾਤ ਕੀਤਾ ਗਿਆ ਹੈ। ਇਹ ਫੈਸਲਾ ਲੈਣ ਤੋਂ ਤਿੰਨ ਹਫਤੇ ਬਾਅਦ ਕਈ ਇਲਾਕਿਆਂ ਵਿੱਚ ਕਰਫਿਊ ਨਰਮ ਕੀਤਾ ਗਿਆ ਅਤੇ ਸੜਕਾਂ 'ਤੇ ਆਵਾਜਾਈ ਆਮ ਹੋ ਗਈ ਹੈ। ਵਿਦਿਆਰਥਣਾਂ ਅਤੇ ਵਿਦਿਆਰਥੀ ਸਕੂਲਾਂ, ਕਾਲਜਾਂ ਵਿੱਚ ਜਾ ਰਹੇ ਹਨ। ਸਰਕਾਰੀ ਦਫਤਰਾਂ ਵਿੱਚ ਵੀ ਕੰਮ ਸ਼ੁਰੂ ਹੋ ਗਿਆ ਹੈ।

## ਇੰਦਰਾ ਗਾਂਧੀ ਦੀ ਮੂਰਤੀ ਨੂੰ ਅਣਪਛਾਤੇ ਲੋਕਾਂ ਵੱਲੋਂ ਤੋੜਨ ਪਿੱਛੋਂ ਇਲਾਕੇ ਵਿੱਚ ਤਣਾਅ

ਪੂਰਬੀ ਦਿੱਲੀ, 26 ਅਗਸਤ (ਪੋਸਟ ਬਿਊਰੋ)- ਨਿਊ ਕੋਂਡਲੀ ਇਲਾਕੇ ਵਿੱਚ ਇੰਦਰਾ ਚੌਕ ਉਤੇ ਲੱਗੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੂਰਤੀ ਨੂੰ ਅਣਪਛਾਤੇ ਲੋਕਾਂ ਨੇ ਤੋੜ ਦਿੱਤਾ। ਇਸ ਪਿੱਛੋਂ ਇਲਾਕੇ ਵਿੱਚ ਤਣਾਅ ਦਾ ਮਾਹੌਲ ਹੈ। ਕਾਂਗਰਸ ਨੇਤਾਵਾਂ ਨੇ ਇਸ ਨੂੰ ਸਾਜ਼ਿਸ਼ ਕਰਾਰ ਦਿੱਤਾ ਹੈ। ਘਟਨਾ ਦੀ ਜਾਣਕਾਰੀ ਕਾਂਗਰਸੀ ਵਰਕਰਾਂ ਨੂੰ ਹੋਈ ਤਾਂ ਉਹ ਵੱਡੀ ਗਿਣਤੀ ਵਿੱਚ ਮੌਕੇ 'ਤੇ ਪਹੁੰਚ ਗਏ ਅਤੇ ਨਾਰਾਜ਼ਗੀ ਪ੍ਰਗਟਾਉਣ ਲੱਗੇ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਕਿਸੇ ਸ਼ਰਾਰਤੀ ਅਨਸਰ ਨੇ ਜਾਣਬੁਝ ਕੇ ਏਦਾਂ ਕੀਤਾ ਹੈ। ਜ਼ਿਲੇ ਦੇ ਸੀਨੀਅਰ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੂਰਤੀ ਪੀ ਓ ਪੀ ਦੀ ਬਣੀ ਹੋਈ ਸੀ ਜੋ ਮੀਂਹ ਦੀ ਵਜ੍ਹਾ ਨਾਲ ਆਪਣੇ ਆਪ ਟੁੱਟ ਗਈ। ਇਸ ਦੀ ਛਾਣਬੀਣ ਕੀਤੀ ਜਾ ਰਹੀ ਹੈ। ਇਲਾਕੇ ਵਿੱਚ ਤਣਾਅ ਕਾਰਨ ਭਾਰੀ ਪੁਲਸ ਬਲ ਨੂੰ ਤੈਨਾਤ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਨਿਊ ਕੋਂਡਲੀ ਇਲਾਕੇ ਵਿੱਚ ਕੁਝ ਸਾਲ ਪਹਿਲਾਂ ਇਕ ਚੌਕ ਦਾ ਨਾਮਕਰਨ ਕਰਕੇ ਉਥੇ ਦਾ ਨਾਮ ਇੰਦਰਾ ਚੌਕ ਰੱਖਿਆ ਗਿਆ ਸੀ। ਏਥੇ ਇੰਦਰਾ ਗਾਂਧੀ ਦੀ ਮੂਰਤੀ ਵੀ ਲਾਈ ਗਈ ਸੀ। ਸਥਾਨਕ ਲੋਕਾਂ ਦੇ ਮੁਤਾਬਕ ਚੌਕ ਦੇ ਆਸਪਾਸ ਕੁਝ ਦੁਕਾਨਦਾਰਾਂ ਨੇ ਨਾਜਾਇਜ਼ ਕਬਜ਼ਾ ਕਰ ਲਿਆ ਸੀ। ਕੱਲ੍ਹ ਸਵੇਰੇ ਇੰਦਰਾ ਗਾਂਧੀ ਦੀ ਮੂਰਤੀ ਨੂੰ ਕਿਸੇ ਨੇ ਤੋੜ ਦਿੱਤਾ। ਸੂਚਨਾ ਮਿਲਦੇ ਸਾਰ ਕਾਂਗਰਸੀ ਵਰਕਰ ਉਥੇ ਪਹੁੰਚ ਗਏ। ਕੁਝ ਲੋਕਾਂ ਨੇ ਸ਼ੰਕਾ ਪ੍ਰਗਟਾਈ ਕਿ ਦੁਕਾਨਦਾਰਾਂ ਨੇ ਕਬਜ਼ੇ ਦੀ ਨੀਤ ਨਾਲ ਵਾਰਦਾਤ ਕੀਤੀ ਹੈ, ਜਦ ਕਿ ਕੁਝ ਲੋਕਾਂ ਦਾ ਕਹਿਣਾ ਹੈ ਕਿ ਸ਼ਰਾਰਤ ਦੀ ਨੀਤ ਨਾਲ ਜਾਣਬੁਝ ਕੇ ਮੂਰਤੀ ਨੂੰ ਤੋੜਿਆ ਗਿਆ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।



*ਇੱਥੇ ਲੱਗਾ ਸੀ ਇੰਦਰਾ ਗਾਂਧੀ ਦਾ ਬੁਤ।*

## ਮਾਂ ਨੇ ਡਾਂਟਿਆ ਤਾਂ ਬੱਚੇ ਨੇ ਫਾਂਸੀ ਲਾ ਲਈ

ਵੈਸਟ ਦਿੱਲੀ, 26 ਅਗਸਤ (ਪੋਸਟ ਬਿਊਰੋ)- ਬੱਚਿਆਂ ਨੂੰ ਡਾਂਟਣਾ ਵੀ ਖਤਰੇ ਤੋਂ ਖਾਲੀ ਨਹੀਂ ਰਿਹਾ। ਅਜਿਹਾ ਇਕ ਮਾਮਲਾ ਅਮਨ ਵਿਹਾਰ ਇਲਾਕੇ ਵਿੱਚ ਸਾਹਮਣੇ ਆਇਆ ਹੈ। ਇੱਕ 12 ਸਾਲਾ ਬੱਚੇ ਨੇ ਮਾਂ ਦੇ ਡਾਂਟਣ ਉਤੇ ਪੱਖੇ ਨਾਲ ਫਾਹਾ ਲਗਾ ਕੇ ਖੁਦਕੁਸ਼ੀ ਕਰ ਲਈ। ਪਰਵਾਰ ਦੇ ਨਾਲ ਪੁਲਸ ਵੀ ਹੈਰਾਨ ਹੈ ਕਿ ਇੰਨੀ ਛੋਟੀ ਗੱਲ ਉਤੇ ਬੱਚੇ ਨੇ ਜਾਨ ਦੇ ਦਿੱਤੀ ਹੈ। ਪੁਲਸ ਨੂੰ ਮੌਕੇ ਤੋਂ ਕੋਈ ਸੁਸਾਇਡ ਨੋਟ ਬਰਾਮਦ ਨਹੀਂ ਹੋਇਆ। ਮਿਲੀ ਜਾਣਕਾਰੀ ਮੁਤਾਬਕ 12 ਸਾਲਾ ਬੱਚਾ ਐਸ ਬਲਾਕ ਅਮਨ ਵਿਹਾਰ ਵਿੱਚ ਪਰਿਵਾਰ ਨਾਲ ਰਹਿੰਦਾ ਸੀ। ਉਹ ਅਮਨ ਵਿਹਾਰ ਦੇ ਸਰਕਾਰੀ ਸਕੂਲ ਵਿੱਚ ਸੱਤਵੀਂ ਕਲਾਸ ਦੀ ਪੜ੍ਹਾਈ ਕਰ ਰਿਹਾ ਸੀ। ਪੀ ਸੀ ਆਰ ਨੂੰ ਰਾਤ ਕਰੀਬ ਪੌਣੇ ਦਸ ਵਜੇ ਬੱਚੇ ਵੱਲੋਂ ਆਪਣੇ ਕਮਰੇ ਵਿੱਚ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰਨ ਦੀ ਸੂਚਨਾ ਮਿਲੀ। ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ਼ ਉਤਾਰ ਕੇ ਸੰਜੇ ਗਾਂਧੀ ਹਸਪਤਾਲ ਦੀ ਮੋਰਚਰੀ ਵਿੱਚ ਭੇਜ ਦਿੱਤੀ। ਪੁਲਸ ਨੇ ਦੱਸਿਆ ਕਿ ਸ਼ਾਮ ਨੂੰ ਬੱਚੇ ਨੇ ਆਪਣੀ ਮਾਂ ਤੋਂ ਕੁਝ ਸਾਮਾਨ ਲਿਆਉਣ ਲਈ ਪੈਸੇ ਮੰਗੇ ਸਨ।

## ਦੁਰਗਾ ਪੰਡਾਲ ਵਿੱਚ ਮੂਰਤੀ ਤੋਂ ਕਮਲ ਹਟਾਉਣ ਦਾ ਫਰਮਾਨ

ਕੋਲਕਾਤਾ, 26 ਅਗਸਤ (ਪੋਸਟ ਬਿਊਰੋ)- ਭਾਜਪਾ ਦੇ ਰਾਜਸੀ ਅਸਰ ਤੋਂ ਦੁਰਗਾ ਪੂਜਾ ਨੂੰ ਮੁਕਤ ਰੱਖਣ ਦੇ ਮਕਸਦ ਨਾਲ ਕੋਲਕਾਤਾ 'ਚ ਕਾਲੀਘਾਟ ਸਥਿਤ ਸੰਘ ਸ੍ਰੀ ਦੁਰਗਾ ਉਤਸਵ ਕਮੇਟੀ ਨੇ ਆਪਣੇ ਪੂਜਾ ਥੀਮ ਦੇ ਨਾਲ ਹੀ ਥੀਮ ਮੇਕਰ ਤੋਂ ਵੀ ਕਿਨਾਰਾ ਕਰ ਲਿਆ ਅਤੇ ਸਿਆਸੀ ਜੰਗ ਛਿੜਦੀ ਜਾਪਦੀ ਹੈ।

ਇਸ ਬਾਰੇ ਭਾਜਪਾ ਦੇ ਸੂਬਾ ਜਨਰਲ ਸਕੱਤਰ ਸਾਇੰਤਨ ਬਸੂ ਨੂੰ ਪੂਜਾ ਕਮੇਟੀ ਦਾ ਪ੍ਰਧਾਨ ਬਣਾਏ ਜਾਣ ਪਿੱਛੋਂ ਸਿਆਸੀ ਹਲਕਿਆਂ 'ਚ ਚਰਚਾ ਤੇਜ਼ ਸੀ ਕਿ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਇਲਾਕੇ ਵਿੱਚ ਹੋਣ ਵਾਲੀ ਇਸ ਪੂਜਾ ਦਾ ਉਦਘਾਟਨ ਭਾਜਪਾ ਪ੍ਰਧਾਨ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਕੀਤਾ ਜਾਵੇਗਾ। ਭਾਜਪਾ ਤੇ ਤ੍ਰਿਣਮੂਲ ਵਿਚਕਾਰ ਇਸ ਬਾਰੇ ਟਕਰਾਅ ਦੀ ਸਥਿਤੀ ਪੈਦਾ ਹੋ ਗਈ, ਪਰ ਐਨ ਵੇਲੇ ਉਤੇ ਮੁੱਖ ਮੰਤਰੀ ਦੇ ਦਖਲ ਪਿੱਛੋਂ ਤ੍ਰਿਣਮੂਲ ਨੇਤਾਵਾਂ ਨੇ ਖੁੰਟੀ ਪੂਜਾ ਕਰਕੇ ਭਾਜਪਾ ਨੂੰ ਝਟਕਾ ਦੇਣ ਦਾ ਕੰਮ ਕੀਤਾ।

ਪਿਛਲੇ ਸਾਲ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਪੂਜਾ ਦਾ ਉਦਘਾਟਨ ਕੀਤਾ ਸੀ। ਪਹਿਲਾਂ ਪੂਜਾ ਦਾ ਥੀਮ 'ਕਾਟਾਕੁਟੀ ਖੇਲਾ' ਤੈਅ ਕੀਤਾ ਗਿਆ, ਪਰ ਐਨ ਮੌਕੇ 'ਤੇ ਕਮੇਟੀ ਦੇ ਅਹੁਦੇਦਾਰਾਂ ਨੇ ਇਸ ਥੀਮ 'ਚ ਤਬਦੀਲੀ ਕਰਦਿਆਂ 'ਸਭ ਤੋਂ ਉਪਰ ਮਨੁੱਖਤਾ' ਦੇ ਥੀਮ ਉਤੇ ਮੰਡਪ ਬਣਾਉਣ ਦਾ ਫੈਸਲਾ ਲਿਆ ਹੈ। ਦੱਸਿਆ ਗਿਆ ਕਿ ਪ੍ਰਦੀਪ ਕਰਮਕਾਰ ਇਸ ਬਾਰੇ ਥੀਮ ਮੇਕਰ ਵਜੋਂ ਤਿਆਰੀਆਂ 'ਚ ਲੱਗੇ ਹੋਏ ਸਨ, ਪਰ ਇਸ ਦੌਰਾਨ ਕਲੱਬ ਦੇ ਅਹੁਦੇਦਾਰਾਂ ਥੀਮ ਮੇਕਰ ਨੂੰ ਮੂਰਤੀ ਅਤੇ ਮੰਡਪ 'ਚ ਕਈ ਤਬਦੀਲੀਆਂ ਕਰਨ ਨੂੰ ਕਿਹਾ। ਏਹੀ ਨਹੀਂ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਮਾਂ ਦੁਰਗਾ ਦੀ ਮੂਰਤੀ ਤੋਂ ਕਮਲ ਦੇ ਫੁੱਲ ਨੂੰ ਹਟਾਉਣਾ ਪਵੇਗਾ। ਥੀਮ ਮੇਕਰ ਨੇ ਅਜਿਹਾ ਕਰਨ ਤੋਂ ਮਨ੍ਹਾਂ ਕਰ ਦਿੱਤਾ, ਜਿਸ ਤੋਂ ਬਾਅਦ ਪ੍ਰਬੰਧ ਕਮੇਟੀ ਨੇ ਉਨ੍ਹਾਂ ਨੂੰ ਹਟਾਉਣ ਦਾ ਫੈਸਲਾ ਕੀਤਾ। ਕਲੱਬ ਦੇ ਅਹੁਦੇਦਾਰ ਦੇਵਾਸ਼ੀਸ ਬੰਧੋਪਾਧਿਆਏ ਨੇ ਦੱਸਿਆ ਕਿ ਥੀਮ ਮੇਕਰ ਨੂੰ ਡਿਜ਼ਾਈਨ 'ਚ ਤਬਦੀਲੀ ਲਈ ਕਿਹਾ ਸੀ, ਪਰ ਉਹ ਇਸ ਲਈ ਤਿਆਰ ਨਹੀਂ ਸੀ, ਇਸ ਲਈ ਅਸੀਂ ਹਟਾ ਦਿੱਤਾ ਹੈ।

## ਜੰਮੂ ਵਿੱਚ ਮਿਨੀ ਬਸ ਖੱਡ ਵਿੱਚ ਡਿੱਗਣ ਨਾਲ ਹੋਈ ਸੱਤਾਂ ਲੋਕਾਂ ਦੀ ਮੌਤ

ਰਾਜੌਰੀ, 26 ਅਗਸਤ (ਪੋਸਟ ਬਿਊਰੋ)- ਜੰਮੂ ਦੇ ਰਾਜੌਰੀ ਜ਼ਿਲੇ ਵਿੱਚ ਥੰਨਾਮੰਡੀ ਦੇ ਮਨਿਆਲ ਵਿੱਚ ਸ਼ਾਹਦਰਾ ਸ਼ਰੀਫ ਦਰਗਾਹ ਜਾ ਰਹੇ ਸ਼ਰਧਾਲੂਆਂ ਦੀ ਮਿੰਨੀ ਬਸ ਬਸ ਖੱਡ ਜਾ ਡਿੱਗਣ ਕਾਰਨ ਸੱਤ ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ 25 ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ 11 ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਨ੍ਹਾਂ ਨੂੰ ਮੈਡੀਕਲ ਕਾਲਜ ਜੰਮੂ ਰੈਫਰ ਕਰ ਦਿੱਤਾ ਗਿਆ ਹੈ। 14 ਦਾ ਇਲਾਜ ਮੈਡੀਕਲ ਕਾਲਜ ਰਾਜੌਰੀ ਵਿੱਚ ਜਾਰੀ ਹੈ।



ਮਿੰਨੀ ਬਸ ਪੁਣਛ ਤੋਂ ਰਾਜੌਰੀ ਦੇ ਬਾਬਾ ਗੁਲਾਮ ਸ਼ਾਹ ਬਡਸ਼ਾਹ ਦਰਗਾਹ ਵਿੱਚ ਆ ਰਹੀ ਸੀ। ਜਦੋਂ ਥੰਨਾਮੰਡੀ ਦੇ ਮਨਿਆਲ ਖੇਤਰ ਵਿੱਚ ਪਹੁੰਚੀ ਤਾਂ ਚਾਲਕ ਦਾ ਵਾਹਨ ਤੋਂ ਟੁੱਟ ਗਿਆ ਜਿਸ ਕਾਰਨ ਮਿਨੀ ਬਸ ਖੱਡ ਵਿੱਚ ਜਾ ਡਿੱਗੀ। ਲੋਕਾਂ ਦੀ ਚੀਕ-ਚਿਹਾੜਾ ਸੁਣ ਕੇ ਆਸਪਾਸ ਦੇ ਲੋਕ ਮੌਕੇ 'ਤੇ ਪਹੁੰਚੇ। ਪੁਲਸ ਤੇ ਫੌਜ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਬਚਾਅ ਰਾਹਤ ਕੰਮ ਸ਼ੁਰੂ ਕੀਤਾ। ਖੱਡ 'ਚੋਂ 22 ਜ਼ਖਮੀਆਂ ਨੂੰ ਖੱਡ ਕੇ ਉਪ ਜ਼ਿਲ੍ਹਾ ਹਸਪਤਾਲ ਥੰਨਾਮੰਡੀ ਵਿੱਚ ਭੇਜਿਆ ਗਿਆ। ਡਾਕਟਰਾਂ ਨੇ ਪੰਜ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਥੰਨਾਮੰਡੀ ਹਸਪਤਾਲ ਤੋਂ ਸਾਰੇ ਜ਼ਖਮੀਆਂ ਨੂੰ ਮੁੱਢਲੇ ਇਲਾਜ ਦੇ ਬਾਅਦ ਮੈਡੀਕਲ ਕਾਲਜ ਰਾਜੌਰੀ ਰੈਫਰ ਕਰ ਦਿੱਤਾ ਗਿਆ। ਇਥੇ ਦੋ ਜ਼ਖਮੀਆਂ ਨੇ ਦਮ ਤੋੜ ਦਿੱਤਾ। ਮੈਡੀਕਲ ਕਾਲਜ ਰਾਜੌਰੀ ਤੋਂ 11 ਜ਼ਖਮੀਆਂ ਨੂੰ ਸਰਕਾਰੀ ਮੈਡੀਕਲ ਕਾਲਜ ਜੰਮੂ ਰੈਫਰ ਕਰ ਦਿੱਤਾ। ਜ਼ਖਮੀਆਂ ਦੇ ਅਨੁਸਾਰ ਮਿਨੀ ਬਸ ਦੀ ਰਫਤਾਰ ਤੇਜ਼ ਸੀ। ਮ੍ਰਿਤਕਾਂ ਵਿੱਚ ਇੱਕ ਫੌਜ ਦਾ ਜਵਾਨ ਵੀ ਸ਼ਾਮਲ ਹੈ।

## ਭਾਰਤ ਦੀ 85 ਫੀਸਦੀ ਪੇਂਡੂ ਆਬਾਦੀ ਸਿਹਤ ਬੀਮੇ ਤੋਂ ਵਾਂਝੀ

ਬੰਗਲੌਰ, 26 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਸਿਹਤ ਸੇਵਾਵਾਂ 'ਤੇ ਵਧਦੇ ਖਰਚ ਦੇ ਬਾਵਜੂਦ ਜਾਣਕਾਰੀ ਦੀ ਘਾਟ ਵਿੱਚ 85 ਫੀਸਦੀ ਪੇਂਡੂ ਆਬਾਦੀ ਸਿਹਤ ਬੀਮਾ ਕਵਰ ਤੋਂ ਵਾਂਝੀ ਹੈ।



ਇਹ ਗੱਲ ਇੱਕ ਰਿਪੋਰਟ ਵਿੱਚ ਕਹੀ ਗਈ ਹੈ। ਮਿਲੀਮੈਨ ਨਾਂਅ ਦੀ ਇੱਕ ਪ੍ਰਮੁੱਖ ਐਕਚੂਰੀਅਲ ਅਤੇ ਕੰਸਲਟਿੰਗ ਕੰਪਨੀ ਦੀ ਰਿਪੋਰਟ ਅਨੁਸਾਰ ਭਾਰਤ ਦੀ 1.35 ਅਰਬ ਦੀ ਆਬਾਦੀ ਵਿੱਚ ਸਿਰਫ 44 ਫੀਸਦੀ ਲੋਕਾਂ ਕੋਲ ਹੀ ਸਿਹਤ ਬੀਮਾ ਪਾਲਿਸੀ ਹੈ। ਰਿਪੋਰਟ ਅਨੁਸਾਰ ਪੇਂਡੂ ਭਾਰਤ ਦੀ 85 ਫੀਸਦੀ ਆਬਾਦੀ ਸਿਹਤ ਬੀਮਾ ਕਵਰ ਤੋਂ ਵਾਂਝੀ ਹੈ, ਜਦ ਕਿ ਅੱਸੀ ਫੀਸਦੀ ਸ਼ਹਿਰੀ ਆਬਾਦੀ ਇਸ ਦਾ ਲਾਭ ਲੈ ਰਹੀ ਹੈ। ਪਾਲਿਸੀ ਬਾਜ਼ਾਰ ਡਾਟ ਕਾਮ ਦੇ ਹੈਲਥ ਇੰਸ਼ੋਰੈਂਸ ਪਮੁੱਖ ਅਮਿਤ ਛਾਬੜਾ ਨੇ ਕਿਹਾ ਕਿ ਸੱਚ ਇਹ ਹੈ ਕਿ ਸਾਡੇ ਦੇਸ਼ ਵਿੱਚ ਬਹੁਤ ਸਾਰੇ ਲੋਕ ਹੈਲਥ ਇੰਸ਼ੋਰੈਂਸ ਪਾਲਿਸੀ ਦੇ ਮਹੱਤਵ ਅਤੇ ਇਸ ਦੀ ਲੋੜ ਨੂੰ ਸਮਝਦੇ ਹੀ ਨਹੀਂ ਹਨ। ਛਾਬੜਾ ਨੇ ਕਿਹਾ ਕਿ ਭਾਰਤ ਸਸਤੀ ਕੀਮਤਾਂ 'ਤੇ ਕੰਪ੍ਰੀਹੈਂਸਿਵ ਹੈਲਥ ਪਾਲਿਸੀਆਂ ਦੀ ਪੇਸ਼ਕਸ਼ ਕਰਨ ਵਾਲੇ ਦੁਨੀਆ ਵਿਚ ਸਭ ਤੋਂ ਸਸਤੇ ਹੈਲਥ ਇੰਸ਼ੋਰੈਂਸ਼ ਬਾਜ਼ਾਰਾਂ ਵਿੱਚੋਂ ਇੱਕ ਹੈ। ਇਸ ਦੇ ਇਲਾਵਾ, ਬੀਮਾਕਰਤਾ ਹੁਣ ਕੇਵਲ ਹਸਪਤਾਲ ਵਿੱਚ ਭਰਤੀ ਹੋਣ 'ਤੇ ਕਵਰੇਜ ਦੇਣ ਤੋਂ ਅੱਗੇ ਵਧਦੇ ਹੋਏ ਵੱਧ ਵਿਆਪਕ ਪਾਲਿਸੀਆਂ ਪੇਸ਼ ਕਰ ਰਹੇ ਹਨ।

## ਰਾਮ ਰਹੀਮ ਦੇ 45 ਨਿਰਦੋਸ਼ ਚੇਲੇ ਪੁਲਸ ਨੇ ਮਾਰ ਦਿੱਤੇ ਸੀ

ਪਿੱਲੂਖੇੜਾ, 26 ਅਗਸਤ (ਪੋਸਟ ਬਿਊਰੋ)- ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਸਾਬਕਾ ਨੇਤਾ ਅਤੇ ਇਨੈਲੋ ਪਾਰਟੀ ਦੇ ਵਿਧਾਇਕ ਅਭੈ ਸਿੰਘ ਚੌਟਾਲਾ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡੇਰਾ ਸੱਚਾ ਸੌਦਾ ਸਿਰਸਾ ਦੇ ਸਮਰਥਕਾਂ ਦਾ ਸਾਥ ਲੈਣ ਦੀ ਕੋਸ਼ਿਸ਼ ਕੱਲ੍ਹ ਜੀਂਦ ਦੇ ਪਿੱਲੂਖੇੜਾ ਕਸਬੇ ਤੋਂ ਸ਼ੁਰੂ ਕਰ ਦਿੱਤੀ ਹੈ। ਪਿੱਲੂਖੇੜਾ ਮੰਡੀ ਵਿੱਚ ਕਿਸਾਨ ਰੋਸ ਰੈਲੀ ਦੇ ਮੰਚ ਤੋਂ ਅਭੈ ਚੌਟਾਲਾ ਨੇ ਪੰਚਕੂਲਾ ਵਿੱਚ ਰਾਮ ਰਹੀਮ ਨੂੰ ਸਾਧਵੀ ਬਲਾਤਕਾਰ ਕੇਸ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਅਦ ਹੋਈ ਹਿੰਸਾ ਬਾਰੇ ਪਹਿਲੀ ਵਾਰ ਜਨਤਕ ਤੌਰ ਉੱਤੇ ਕਿਹਾ ਕਿ ਗੁਰਮੀਤ ਰਾਮ ਰਹੀਮ ਦੇ 48 ਨਿਰਦੋਸ਼ ਚੇਲਿਆਂ ਨੂੰ ਸਰਕਾਰ ਨੇ ਮਾਰਿਆ ਸੀ।

## ਐਂਟੀਬਾਇਓਟਿਕਸ ਨਾਲ ਰੈਕਟਲ ਕੈਂਸਰ ਦਾ ਖਤਰਾ ਵਧ ਸਕਦੈ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਸਰਦੀ, ਖਾਂਸੀ, ਬੁਖਾਰ ਜਾਂ ਕਿਸੇ ਛੋਟੀ-ਮੋਟੀ ਬਿਮਾਰੀ ਲਈ ਵੀ ਜੇ ਤੁਸੀਂ ਐਲੋਪੈਥਿਕ ਡਾਕਟਰ ਕੋਲ ਜਾਂਦੇ ਹੋ ਤਾਂ ਡਾਕਟਰ ਸਭ ਤੋਂ ਪਹਿਲਾਂ ਤਿੰਨ ਜਾਂ ਪੰਜ ਦਿਨ ਦੀ ਐਂਟੀਬਾਇਓਟਿਕਸ ਦਵਾਈ ਦਾ ਕੋਰਸ ਲਿਖ ਦਿੰਦੇ ਹਨ ਤਾਂ ਕਿ ਮਰੀਜ਼ ਜਲਦੀ ਠੀਕ ਹੋ ਜਾਏ। ਕਈ ਵਾਰ ਬਿਨਾਂ ਡਾਕਟਰ ਤੋਂ ਪੁੱਛੇ ਵੀ ਬਹੁਤ ਸਾਰੇ ਲੋਕ ਬਿਮਾਰ ਹੋਣ 'ਤੇ ਐਂਟੀਬਾਇਓਟਿਕ ਖਾ ਲੈਂਦੇ ਹਨ। ਜੇ ਤੁਸੀਂ ਵੀ ਅਜਿਹਾ ਕਰਦੇ ਹੋ ਤਾਂ ਸਾਵਧਾਨ ਹੋ ਜਾਓ ਕਿਉਂਕਿ ਇਸ ਨਾਲ ਕੋਲੋਨ ਅਤੇ ਰੈਕਟਲ ਕੈਂਸਰ ਦਾ ਖਤਰਾ ਵਧ ਜਾਂਦਾ ਹੈ।

ਇੱਕ ਨਵੀਂ ਸਟੱਡੀ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਸਿੰਗਲ ਕੋਰਸ ਐਂਟੀਬਾਇਓਟਿਕ ਦੇ ਸੇਵਨ ਨਾਲ ਵੀ ਕੋਲੋਨ ਭਾਵ ਮਲ ਦਾ ਕੈਂਸਰ ਹੋਣ ਦਾ ਖਤਰਾ ਵਧ ਜਾਂਦਾ ਹੈ। ਗਟ ਨਾਂਅ ਦੇ ਜਨਰਲ ਵਿਚ ਪ੍ਰਕਾਸ਼ਿਤ ਇਸ ਸਟੱਡੀ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਕਿਵੇਂ ਐਂਟੀਬਾਇਓਟਿਕ ਦਵਾਈ ਦੀ ਸਮਝਦਾਰੀ ਨਾਲ ਵਰਤੋਂ ਕਰਨ ਦੀ ਲੋੜ ਹੈ ਕਿਉਂਕਿ ਡਾਕਟਰ ਵੀ ਇਸ ਨੂੰ ਲੋੜੋਂ ਵੱਧ ਪ੍ਰੀਸਕ੍ਰਾਈਬ ਕਰ ਰਹੇ ਹਨ ਤੇ ਇਸ ਦਾ ਬਹੁਤ ਜ਼ਿਆਦਾ ਯੂਜ਼ ਹੋ ਰਿਹਾ ਹੈ।ਇਸ ਸਟੱਡੀ ਦੀ ਲੀਡ ਆਥਰ ਸਿੰਥੀਆ ਸਿਅਰਸ ਕਹਿੰਦੀ ਹੈ ਕਿ ਸਾਡੀ ਰਿਸਰਚ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਇਸ ਤਰ੍ਹਾਂ ਦੀਆਂ ਦਵਾਈਆਂ ਦਾ ਸਰੀਰ 'ਤੇ ਕਿੰਨਾ ਬੁਰਾ ਅਸਰ ਹੁੰਦਾ ਹੈ ਤੇ ਇਸ ਨਾਲ ਕਈ ਤਰ੍ਹਾਂ ਦੀਆਂ ਕਾਰਨਿਕ ਬਿਮਾਰੀਆਂ ਹੋ ਸਕਦੀਆਂ ਹਨ। ਸਟੱਡੀ ਵਿੱਚ ਯੂ ਕੇ ਦੇ ਇੱਕ ਕਰੋੜ 10 ਲੱਖ ਮਰੀਜ਼ਾਂ ਦੇ ਡਾਟੇ ਦੀ ਜਾਂਚ ਕੀਤੀ ਗਈ, ਜਿਸ ਵਿੱਚ ਜਨਵਰੀ 1989 ਤੋਂ ਦਸੰਬਰ 2012 ਭਾਵ 23 ਸਾਲ ਦੇ ਪੀਰੀਅਡ ਦੀ ਜਾਂਚ ਹੋਈ। ਇਸ 'ਚ ਲਗਭਗ 28 ਹਜ਼ਾਰ 890 ਮਰੀਜ਼ਾਂ ਨੂੰ ਕੋਲੋਰੈਕਟਲ ਕੈਂਸਰ ਦੀ ਗੱਲ ਸਾਹਮਣੇ ਆਈ। ਇਸ ਮੈਡੀਕਲ ਰਿਕਾਰਡਸ ਦੀ ਵਰਤੋਂ ਹਰ ਇੱਕ ਕੇਸ ਹਿਸਟਰੀ ਦੀ ਜਾਂਚ ਕਰਨ ਲਈ ਕੀਤੀ ਗਈ, ਜਿਸ ਵਿੱਚ ਕੋਲੋਨ ਕੈਂਸਰ ਦੇ ਰਿਸਕ ਫੈਕਟਰਸ ਵਰਗੇ ਮੋਟਾਪੇ ਦਾ, ਸਿਗਰਟਨੋਸ਼ੀ, ਸ਼ਰਾਬ ਦਾ ਸੇਵਨ ਐਂਟੀਬਾਇਓਟਿਕ ਦੇ ਯੂਜ਼ 'ਤੇ ਵੀ ਧਿਆਨ ਦਿੱਤਾ ਗਿਆ। ਖੋਜੀਆਂ ਨੇ ਦੇਖਿਆ ਕਿ ਜਿਹੜੇ ਲੋਕਾਂ ਨੂੰ ਕੋਲੋਨ ਕੈਂਸਰ ਹੋਇਆ, ਉਹ ਐਂਟੀਬਾਇਓਟਿਕਸ ਪ੍ਰਤੀ ਜ਼ਿਆਦਾ ਐਕਸਪੋਜ਼ਡ ਸਨ।




## ਬਾਈਕ ਉੱਤੇ ਅੱਗੇ ਬਿਠਾਈ ਬੱਚੀ ਦੀ ਡੋਰ ਨਾਲ ਗਰਦਨ ਕੱਟੀ

ਨਵੀਂ ਦਿੱਲੀ, 26 ਅਗਸਤ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਵਿੱਚ ਚਾਈਨਾ ਡੋਰ ਨੇ ਕੱਲ੍ਹ ਇੱਕ ਮਾਸੂਮ ਦੀ ਜਾਨ ਲੈ ਲਈ। ਇੱਕ ਮੋਟਰ ਸਾਈਕਲ 'ਤੇ ਆਪਣੇ ਪਿਤਾ ਨਾਲ ਜਾ ਰਹੀ ਬੱਚੀ ਦੀ ਗਰਦਨ ਚਾਈਨਾ ਡੋਰ ਨਾਲ ਕੱਟੀ ਗਈ। ਪਿਤਾ ਉਸ ਨੂੰ ਹਸਪਤਾਲ ਲੈ ਕੇ ਪਹੁੰਚੇ, ਪਰ ਤਦ ਤੱਕ ਦੇਰ ਹੋ ਚੁੱਕੀ ਸੀ। ਘਟਨਾ ਖਜੂਰੀ ਖਾਸ ਇਲਾਕੇ ਦੀ ਹੈ। ਚਾਰ ਸਾਲ ਦੀ ਬੱਚੀ ਦੀ ਪਛਾਣ ਇਸ਼ਿਕਾ ਦੇ ਰੂਪ ਵਿੱਚ ਹੋਈ ਹੈ। ਪਤਾ ਲੱਗਾ ਹੈ ਕਿ ਬੱਚੀ ਆਪਣੇ ਪਿਤਾ ਨਾਲ ਅੱਗੇ ਮੋਟਰ ਸਾਈਕਲ 'ਤੇ ਬੈਠੀ ਸੀ। 15 ਅਗਸਤ ਨੂੰ ਬਾਈਕ ਤੋਂ ਜਾ ਰਹੇ ਇੰਜੀਨੀਅਰ ਮਾਨਵ ਸ਼ਰਮਾ ਵੀ ਚਾਈਨਾ ਡੋਰ ਦੀ ਲਪੇਟ ਵਿੱਚ ਆ ਗਏ ਸਨ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ ਸੀ। ਪੁਲਸ ਨੇ ਇਸ ਮਾਮਲੇ ਵਿੱਚ ਕੇਸ ਦਰਜ ਕੀਤਾ ਸੀ, ਪਰ ਚਾਈਨਾ ਡੋਰ ਬੰਦ ਨਹੀਂ ਹੋਈ। ਖਜੂਰੀ ਖਾਸ ਦੇ ਇਸ ਕੇਸ ਬਾਰੇ ਪੁਲਸ ਨੇ ਦੱਸਿਆ ਕਿ ਇਹ ਪਰਵਾਰ ਜਮੁਨਾ ਬਾਜ਼ਾਰ ਦੇ ਹਨੂਮਾਨ ਮੰਦਰ ਵਿੱਚ ਦਰਸ਼ਨ ਕਰਨ ਜਾ ਰਿਹਾ ਸੀ। ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਦਿੱਲੀ ਹਾਈ ਕੋਰਟ ਨੇ ਸ਼ਹਿਰ ਵਿੱਚ ਚਾਈਨਾ ਡੋਰ 'ਤੇ ਪਾਬੰਦੀ ਲਗਾਈ ਹੈ ਫਿਰ ਵੀ 15 ਅਗਸਤ ਦੇ ਆਸਪਾਸ ਇਸ ਦੀ ਵਿਕਰੀ ਧੜੱਲੇ ਨਾਲ ਹੋਈ ਹੈ।



## ਟਰੰਪ ਵੱਲੋਂ ਚੋਣਾਂ ਵਿੱਚ ਹੇਰਾਫੇਰੀ ਦੇ ਦੋਸ਼, ਗੂਗਲ ਨੇ ਵਰਕਰਾਂ ਨੂੰ ਕਿਹਾ, ਕੰਮ ਕਰਦੇ ਰਹੋ

ਸੈਨ ਫਰਾਂਸਿਸਕੋ, 26 ਅਗਸਤ (ਪੋਸਟ ਬਿਊਰੋ)- ਗੂਗਲ ਨੇ ਕਰਮਚਾਰੀਆਂ ਨੂੰ ਨਿਰਦੇਸ਼ ਜਾਰੀ ਕਰ ਕੇ ਕਿਹਾ ਕਿ ਉਹ ਆਪਣੇ ਸਾਥੀਆਂ ਨਾਲ ਸਿਆਸੀ ਜਾਂ ਹੋਰ ਮੁੱਦਿਆਂ 'ਤੇ ਬਹਿਸ ਕਰਨ ਦੀ ਥਾਂ ਕੰਮ 'ਤੇ ਧਿਆਨ ਦੇਣ।





ਸ਼ੁੱਕਰਵਾਰ ਜਾਰੀ ਕੀਤੀ ਗਈ ਗਾਈਡਲਾਈਨ ਵਿੱਚ ਮੈਨੇਜਰ ਤੇ ਫੋਰਮ ਦਾ ਅਗਵਾਈ ਕਰਨ ਵਾਲਿਆਂ ਨੂੰ ਕਿਹਾ ਗਿਆ ਹੈ ਕਿ ਜੇ ਕੋਈ ਕਰਮਚਾਰੀ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਏ। ਨਵੀਂ ਗਾਈਡਲਾਈਨ ਵਿੱਚ ਮੁਲਾਜ਼ਮਾਂ ਨੂੰ ਆਪਣੇ ਕੰਮ ਨੂੰ ਲੈ ਕੇ ਜ਼ਿੰਮੇਵਾਰ, ਸਹਾਇਕ ਅਤੇ ਵਿਚਾਰਸ਼ੀਲ ਬਣਨ ਨੂੰ ਕਿਹਾ ਗਿਆ ਹੈ। ਗੂਗਲ ਦੇ ਦੁਨੀਆ ਵਿੱਚ ਇੱਕ ਲੱਖ ਤੋਂ ਵੱਧ ਕਰਮਚਾਰੀ ਹਨ। ਨਵੀਂ ਗਾਈਡਲਾਈਨ ਨੂੰ ਅਮਰੀਕੀ ਚੋਣਾਂ ਦੇ ਲਈ ਰਾਸ਼ਟਰਪਤੀ ਟਰੰਪ ਦੇ ਹੇਰਾਫੇਰੀ ਦੇ ਦੋਸ਼ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਟਰੰਪ ਦੇ ਚੋਣਾਂ ਵਿੱਚ ਹੇਰਾਫੇਰੀ ਕਰਨ ਦੇ ਦੋਸ਼ ਦੇ ਬਾਅਦ ਕੰਪਨੀ ਨੇ ਇਹ ਕਦਮ ਇਸ ਲਈ ਉਠਾਇਆ ਹੈ ਕਿ ਭਵਿੱਖ ਵਿੱਚ ਉਸ 'ਤੇ ਇਸ ਤਰ੍ਹਾਂ ਦੇ ਦੋਸ਼ ਨਾ ਲੱਗਣ। ਗਾਈਡਲਾਈਨ ਵਿਚ ਕਿਹਾ ਗਿਆ ਹੈ ਕਿ ਆਪਣੇ ਸਾਥੀ ਕਰਮਚਾਰੀਆਂ ਨਾਲ ਸੂਚਨਾ ਅਤੇ ਵਿਚਾਰ ਸਾਂਝੇ ਕਰਨ ਨਾਲ ਬਿਹਤਰ ਵਾਤਾਵਰਣ ਤਿਆਰ ਹੁੰਦਾ ਹੈ, ਪ੍ਰੰਤੂ ਰਾਜਨੀਤੀ ਅਤੇ ਹੋਰਾਂ ਖਬਰਾਂ 'ਤੇ ਕੀਤੀ ਬਹਿਸ ਨਾਲ ਅੜਚਨਾਂ ਆਉਂਦੀਆਂ ਹਨ। ਸਾਡੀ ਪਹਿਲੀ ਪਹਿਲ ਹੈ ਕਿ ਵਰਕਰ ਉਹ ਕੰਮ ਨਾ ਕਰਨ, ਜਿਸ ਲਈ ਉਹ ਗੈਰ ਜ਼ਰੂਰੀ ਮੁੱਦਿਆਂ 'ਤੇ ਬਹਿਸ ਕਰ ਕੇ ਸਮਾਂ ਬਰਬਾਦ ਕਰਨ। ਗਾਈਡਲਾਈਨ ਵਿੱਚ ਕਿਹਾ ਗਿਆ ਹੈ ਕਿ ਕਰਮਚਾਰੀਆਂ ਵਿਚਾਲੇ ਹੋਈ ਬਹਿਸ ਨਾਲ ਉਨ੍ਹਾਂ ਦੀ ਟਿੱਪਣੀ ਜਨਤਕ ਹੋਵੇਗੀ। ਇਸ ਕਾਰਨ ਕੰਪਨੀ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ ਅਤੇ ਇਸ ਦਾ ਗਲਤ ਪ੍ਰਭਾਵ ਪਵੇਗਾ। ਗੂਗਲ ਦੇ ਕਿਸੇ ਵੀ ਉਤਪਾਦਾਂ ਜਾਂ ਕਾਰਾਬੋਰ ਬਾਰੇ ਗਲਤ ਜਾਂ ਭਰਮਾਊ ਬਿਆਨ ਦੇਣ ਤੋਂ ਬਚਣ, ਕਿਉਂਕਿ ਇਸ ਤੋਂ ਸਾਡੇ ਉਤਪਾਦ ਅਤੇ ਕੰਮ ਬਾਰੇ ਲੋਕਾਂ ਵਿੱਚ ਭਰੋਸਾ ਘੱਟ ਹੋ ਸਕਦਾ ਹੈ।

ਗੂਗਲ ਦੇ ਇੰਜੀਨੀਅਰ ਜੇਮਸ ਡੇਮੋਰ ਨੇ 2017 ਵਿੱਚ ਈ-ਮੇਲ ਦੇ ਰਾਹੀਂ ਕਈ ਵਿਵਾਦ ਵਾਲੇ ਪੋਸਟ ਕੀਤੇ ਸਨ, ਜਿਸ ਕਾਰਨ ਉਨ੍ਹਾਂ ਨੂੰ ਹਟਾ ਦਿੱਤਾ ਗਿਆ ਸੀ। ਕੰਪਨੀ ਨੇ ਕਿਹਾ ਕਿ ਅਸੀਂ ਆਪਣੇ ਉਤਪਾਦਾਂ ਤੇ ਆਪਣੀਆਂ ਨੀਤੀਆਂ ਨੂੰ ਅੱਗੇ ਵਧਾਉਣ ਦੇ ਲਈ ਕੰਮ ਕਰਦੇ ਹਾਂ। ਅਸੀਂ ਕਿਸੇ ਰਾਜਨੀਤਕ ਝੁਕਾਅ ਨੂੰ ਧਿਆਨ ਵਿੱਚ ਨਹੀਂ ਰੱਖਦੇ। ਅਮਰੀਕਾ ਦੇ ਰਾਸ਼ਟਰਪਤੀ ਡੋਨ-ਲਡ ਟਰੰਪ ਨੇ 2016 ਦੀਆਂ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਹਿਲੇਰੀ ਕਲਿੰਟਨ ਦੇ ਹੱਕ ਵਿੱਚ ਇੱਕ ਕਰੋੜ 60 ਲੱਖ ਵੋਟਾਂ ਦੇ ਹੇਰਾਫੇਰੀ ਬਾਰੇ ਗੂਗਲ 'ਤੇ ਦੋਸ਼ ਲਗਾਇਆ ਸੀ। ਉਸ ਨੇ ਗੂਗਲ ਤੋਂ ਕੱਢੇ ਗਏ ਇੱਕ ਇੰਜੀਨੀਅਰ ਜੇਮਸ ਡੇਮੋਰ ਦੇ ਬਿਆਨ ਦਾ ਵੀ ਹਵਾਲਾ ਦਿੱਤਾ ਸੀ। ਕੰਪਨੀ ਨੇ ਟਰੰਪ ਦੇ ਦਾਅਵੇ ਨੂੰ ਬੇਬੁਨਿਆਦ ਦੱਸਿਆ ਹੈ।

## ਐਫ ਏ ਟੀ ਐੱਫ ਦੇ ਟੀਚੇ ਪੂਰੇ ਕਰਨ ਲਈ ਇਮਰਾਨ ਨੇ ਕਮੇਟੀ ਬਣਾਈ

ਇਸਲਾਮਾਬਾਦ, 26 ਅਗਸਤ (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਫਾਈਨੈਂਸ਼ਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਨਾਲ ਸਬੰਧਤ ਸਾਰੇ ਕੰਮ 1 ਦਸੰਬਰ ਤੱਕ ਪੂਰੇ ਕਰਨ ਲਈ 12 ਮੈਂਬਰੀ ਨੈਸ਼ਨਲ ਵਿੱਤੀ ਕਾਰਵਾਈ ਟਾਸਕ ਫੋਰਸ ਕੋਆਰਡੀਨੇਸ਼ਨ ਕਮੇਟੀ ਬਣਾਈ ਹੈ। ਸਥਾਨਕ ਮੀਡੀਆ ਨੇ ਸੋਮਵਾਰ ਇਹ ਜਾਣਕਾਰੀ ਦਿੱਤੀ ਹੈ। ਇਹ ਕਦਮ ਐੱਫ ਏ ਟੀ ਐੱਫ ਦੇ ਏਸ਼ੀਆ-ਪ੍ਰਸ਼ਾਂਤ ਗਰੁੱਪ ਵੱਲੋਂ 23 ਅਗਸਤ ਨੂੰ ਪਾਕਿਸਤਾਨ ਨੂੰ ਨਿਗਰਾਨੀ ਸੂਚੀ ਵਿੱਚ ਪਾਏ ਜਾਣ ਦੇ ਬਾਅਦ ਚੁੱਕਿਆ ਗਿਆ ਹੈ।



ਵਰਨਣ ਯੋਗ ਹੈ ਕਿ ਪਾਕਿਸਤਾਨ ਐੱਫ ਏ ਟੀ ਐੱਫ ਦੀਆਂ ਕੁੱਲ 40 ਸਿਫਾਰਿਸ਼ਾਂ ਵਿਚੋਂ 11 ਦੀ ਪਾਲਣਾ ਕਰਨ ਤੋਂ ਅਸਫਲ ਰਿਹਾ ਹੈ। ਅੱਗੋਂ ਉਸ ਨੂੰ 1 ਫਰਵਰੀ 2020 ਤੱਕ ਏਸ਼ੀਆ-ਪੈਸੇਫਿਕ ਗਰੁੱਪ ਵਿਚ ਇਹ ਸਿਫਾਰਿਸ਼ਾਂ ਲਾਗੂ ਕਰਨ ਦੀ ਨਵੀਂ ਰਿਪੋਰਟ ਪੇਸ਼ ਕਰਨੀ ਹੋਵੇਗੀ। ਪ੍ਰਧਾਨ ਮੰਤਰੀ ਦਫਤਰ ਵੱਲੋਂ ਐਤਵਾਰ ਜਾਰੀ ਨੋਟੀਫਿਕੇਸ਼ਨ ਦੇ ਮੁਤਾਬਕ 'ਇਹ ਕਮੇਟੀ ਐੱਫ ਏ ਟੀ ਐੱਫ ਬਾਰੇ ਕੌਮੀ ਕੋਸ਼ਿਸ਼ਾਂ ਨੂੰ ਅੱਗੇ ਵਧਾਉਣ ਨੂੰ ਵਚਨਬੱਧ ਹੈ।' ਇਕ ਏਜੰਸੀ ਦੀ ਰਿਪੋਰਟ ਮੁਤਾਬਕ ਆਰਿਥਕ ਮਾਮਲਿਆਂ ਦੇ ਵਿਭਾਗ ਦੇ ਮੰਤਰੀ ਹੰਮਾਦ ਅਜ਼ਹਰ ਦੀ ਅਗਵਾਈ ਵਾਲੀ ਕਮੇਟੀ ਵਿਚ ਵਿੱਤ, ਵਿਦੇਸ਼ ਮਾਮਲਿਆਂ ਅਤੇ ਅੰਦਰੂਨੀ ਮਾਮਲਿਆਂ ਦੇ ਸੈਕਟਰੀਆਂ ਦੇ ਨਾਲ ਹੀ ਸਾਰੇ ਅਦਾਰਿਆਂ ਦੇ ਮੁਖੀਆਂ ਤੇ ਮਨੀ ਲਾਂਡਰਿੰਗ ਅਤੇ ਅੱਤਵਾਦੀ ਫੰਡਿੰਗ ਨਾਲ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਸ਼ਾਮਲ ਹਨ। ਇਨ੍ਹਾਂ ਵਿਚ ਸਟੇਟ ਬੈਂਕ ਆਫ ਪਾਕਿਸਤਾਨ ਦੇ ਗਵਰਨਰ, ਸਕਿਓਰਟੀ ਐਂਡ ਐਕਸਚੇਂਜ ਕਮਿਸ਼ਨ ਆਫ ਪਾਕਿ-ਸਤਾਨ ਦੇ ਚੇਅਰਮੈਨ, ਫੈਡਰਲ ਜਾਂਚ ਏਜੰਸੀ ਦੇ ਜਨਰਲ ਸਕੱਤਰ, ਫੈਡਰਲ ਬੋਰਡ ਆਫ ਰੈਵੀਨਿਊ ਦੇ ਮੈਂਬਰ, ਕਸਟਮ ਅਤੇ ਫਾਈਨੈਂਸਿੰਗ ਮੌਨੀਟਰਿੰਗ ਯੂਨਿਟ ਦੇ ਡਾਇਰੈਕਟਰ ਜਨਰਲ ਵੀ ਹਨ। ਕਮੇਟੀ ਵਿਚ ਤਿੰਨੇ ਫੌਜਾਂ ਦੇ ਹੈੱਡਕੁਆਰਟਰ ਦੇ ਤਿੰਨ ਸੀਨੀਅਰ ਅਫਸਰ ਵੀ ਹਨ।

## ਦੋ ਲੱਖ ਰੋਹਿੰਗੀਆ ਮੁਸਲਮਾਨਾਂ ਵੱਲੋਂ ਬੰਗਲਾ ਦੇਸ਼ ਵਿੱਚ ਰੈਲੀ

ਕੁਟੂਪਲੌਂਗ, 26 ਅਗਸਤ (ਪੋਸਟ ਬਿਊਰੋ)- ਬੰਗਲਾ ਦੇਸ਼ ਵਿੱਚ ਕੱਲ੍ਹ ਕਰੀਬ 2,00,000 ਰੋਹਿੰਗੀਆ ਮੁਸਲਮਾਨਾਂ ਨੇ ਸ਼ਰਨਾਰਥੀ ਕੈਂਪ ਵਿੱਚ ਰੈਲੀ ਕੀਤੀ। ਇਹ ਰੈਲੀ ਇਨ੍ਹਾਂ ਵੱਲੋਂ ਮਿਆਂਮਾਰ ਵਿੱਚ ਭਾਈਚਾਰੇ 'ਤੇ ਕੀਤੇ ਗਏ ਹਿੰਸਕ ਹੱਲਿਆਂ ਤੇ ਦੇਸ਼ ਛੱਡਣ ਦੇ ਦੋ ਸਾਲ ਮੁਕੰਮਲ ਹੋਣ ਉੱਤੇ ਕੀਤੀ ਹੈ। ਕੁਝ ਦਿਨ ਪਹਿਲਾਂ ਹੀ ਇਨ੍ਹਾਂ ਨੂੰ ਵਾਪਸ ਭੇਜਣ ਦੀ ਨਾਕਾਮ ਕੋਸ਼ਿਸ਼ ਹੋ ਗਈ ਹੈ। ਕਰੀਬ 7,40,000 ਰੋਹਿੰਗੀਆ ਮੁਸਲਮਾਨ ਮਿਆਂਮਾਰ ਦੇ ਰਖਾਈਨ ਸੂਬੇ ਤੋਂ ਹਿੰਸਾ ਵੇਲੇ ਅਗਸਤ 2017 ਦੌਰਾਨ ਬਚ ਨਿਕਲੇ ਸਨ। ਪਹਿਲਾਂ ਵੀ ਹਿੰਸਾ ਤੋਂ ਭੱਜੇ 2,00,000 ਹੋਰ ਰੋਹਿੰਗੀਆ ਮੁਸਲਮਾਨ ਦੱਖਣ ਪੂਰਬੀ ਬੰਗਲਾ ਦੇਸ਼ ਵਿੱਚ ਸ਼ਰਨਾਰਥੀ ਕੈਂਪਾਂ ਵਿੱਚ ਰਹਿ ਰਹੇ ਸਨ। ਰੈਲੀ ਦੌਰਾਨ ਉਨ੍ਹਾਂ 'ਰੱਬ ਮਹਾਨ ਹੈ, ਰੋਹਿੰਗੀਆ ਅਮਰ ਰਹੇ' ਦੇ ਨਾਅਰੇ ਲਾਏ ਅਤੇ ਵਿਸ਼ਵ ਦੇ ਸਭ ਤੋਂ ਵੱਡੇ ਸ਼ਰਨਾਰਥੀ ਕੈਂਪ ਵਿੱਚ 'ਨਸਲਕੁਸ਼ੀ ਦਿਹਾੜਾ' ਮਨਾਇਆ। ਤਿੱਖੀ ਧੁੱਪ ਵਿੱਚ ਉਨ੍ਹਾਂ 'ਦੁਨੀਆ ਰੋਹਿੰਗੀਆ ਦਾ ਦੁੱਖ ਨਹੀਂ ਸੁਣ ਰਹੀ' ਗੀਤ ਗਾਇਆ।

## ਤਣਾਅ ਦੇ ਬਾਵਜੂਦ ਕਰਤਾਰਪੁਰ ਲਾਂਘਾ ਪੂਰਾ ਕਰਨ ਲਈ ਵਚਨਬੱਧ ਹਾਂ: ਪਾਕਿ

ਇਸਲਾਮਾਬਾਦ, 26 ਅਗਸਤ (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਦੀ ਇਕ ਸੀਨੀਅਰ ਸਹਿਯੋਗੀ ਨੇ ਕਿਹਾ ਕਿ ਪਾਕਿ-ਸਤਾਨ ਭਾਰਤ ਨਾਲ ਤਣਾਅਪੂਰਨ ਸਬੰਧਾਂ ਦੇ ਬਾਵਜੂਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਲਾਂਘੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ।



ਇਸ ਸੰਬੰਧ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਸਹਾਇਕ ਫਿਰਦੌਸ ਆਸ਼ਿਕ ਅਵਾਨ ਨੇ ਟਵੀਟਾਂ ਦੀ ਲੜੀ ਦੌਰਾਨ ਕਿਹਾ ਕਿ ਕਰਤਾਰਪੁਰ ਸਿੱਖਾਂ ਲਈ ਪਵਿੱਤਰ ਅਸਥਾਨ ਹੈ ਤੇ ਅੰਤਰ ਧਰਮ ਸਦਭਾਵਨਾ ਦੀ ਸੰਪੂਰਨ ਮਿਸਾਲ ਹੈ। ਫਿਰਦੌਸ ਨੇ ਉਨ੍ਹਾਂ ਖਬਰਾਂ ਨੂੰ ਰੱਦ ਕਰ ਦਿੱਤਾ ਕਿ ਪਾਕਿਸਤਾਨ ਨੇ ਭਾਰਤ ਨਾਲ ਤਾਜ਼ਾ ਤਣਾਅ ਕਾਰਨ ਲਾਂਘੇ ਦਾ ਕੰਮ ਰੋਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਪਾਕਿ ਸਬੰਧਾਂ ਦੀ ਪ੍ਰਵਾਹ ਕੀਤੇ ਬਿਨਾਂ ਦਰਬਾਰ ਸਾਹਿਬ ਕਰਤਾਰ-ਪੁਰ ਆਉਣ ਵਾਲੇ ਸ਼ਰਧਾਲੂਆਂ ਲਈ ਪਾਕਿ ਦੇ ਦਰਵਾਜ਼ੇ ਖੁੱਲ੍ਹੇ ਹਨ। ਉਨ੍ਹਾਂ ਕਿਹਾ ਕਿ ਵੱਧਦੇ ਅੱਤਵਾਦ ਤੇ ਅਸਹਿਣਸ਼ੀਲਤਾ ਦੀ ਦੁਨੀਆ 'ਚ ਕਰਤਾਰਪੁਰ ਲਾਂਘਾ ਸਤਿਕਾਰ ਤੇ ਸਹਿਣਸ਼ੀਲਤਾ ਦੀ ਆਵਾਜ਼ ਬੁਲੰਦ ਕਰਦਾ ਹੈ। ਉਨ੍ਹਾਂ ਕਿਹਾ ਪਾਕਿਸਤਾਨੀ ਝੰਡੇ 'ਚ ਚਿੱਟਾ ਰੰਗ ਘੱਟ ਗਿਣਤੀਆਂ ਨੂੰ ਦਰਸਾਉਂਦਾ ਹੈ, ਇਹ ਪਾਕਿਸਤਾਨ ਨੂੰ ਓਨਾ ਹੀ ਪਿਆਰਾ ਹੈ, ਜਿੰਨਾ ਕੇ ਹਰਾ। ਅਵਾਨ ਨੇ ਕਿਹਾ ਕਿ ਲਾਂਘੇ ਦਾ ਉਦਘਾਟਨ ਇਸ ਸਾਲ ਨਵੰਬਰ 'ਚ ਭਾਰਤ ਨਾਲ ਅੰਤਿਮ ਰੂਪ 'ਚ ਦਿੱਤੇ ਗਏ ਪ੍ਰਸਤਾਵ ਤੇ ਨਿਯਮਾਂ ਅਨੁਸਾਰ ਕੀਤਾ ਜਾਵੇਗਾ।

## ਗਗਨਯਾਨ ਮੁਹਿੰਮ 'ਚ ਰੂਸ ਨੇ ਭਾਰਤ ਦੀ ਮਦਦ ਕਰਨ ਲਈ ਹੱਥ ਵਧਾਇਆ

ਮਾਸਕੋ, 26 ਅਗਸਤ (ਪੋਸਟ ਬਿਊਰੋ)- ਭਾਰਤ ਦੀ ਮਹੱਤਵ ਪੂਰਨ ਮੁਹਿੰਮ ਗਗਨਯਾਨ ਵਿੱਚ ਮਦਦ ਲਈ ਰੂਸ ਨੇ ਹੱਥ ਵਧਾਇਆ ਅਤੇ ਇਸ ਲਈ ਉਸ ਨੇ ਭਾਰਤ ਨੂੰ ਕ੍ਰਾਇਓਜਨਿਕ ਇੰਜਣ ਦੇਣ ਦਾ ਮਤਾ ਦਿੱਤਾ ਹੈ।



ਰੂਸ ਦੀ ਸਰਕਾਰੀ ਏਜੰਸੀ ਸਪੇਸ ਕਾਰਪੋਰੇਸ਼ਨ 'ਰੋਸਕੋਸਮੋਸ' ਨੇ ਕਿਹਾ ਕਿ ਭਾਰਤ ਰੂਸ ਨਾਲ ਛੇਤੀ ਹੀ ਆਪਣੀ ਗਗਨਯਾਨ ਮੁਹਿੰਮ ਨੂੰ ਲੈ ਕੇ ਗੱਲਬਾਤ ਕਰਨ ਵਾਲਾ ਹੈ। ਰੂਸ ਤੋਂ ਗਗਨਯਾਨ ਲਈ ਭਾਰਤ ਕਈ ਜ਼ਰੂਰੀ ਜੰਤਰ ਖਰੀਦਣਾ ਚਾਹੁੰਦਾ ਹੈ। ਇਨ੍ਹਾਂ ਵਿੱਚ ਗਗਨਯਾਨ ਵਿੱਚ ਲੱਗਣ ਵਾਲੀਆਂ ਵਿਗਿਆਨੀਆਂ ਦੀਆਂ ਸੀਟਾਂ, ਖਿੜਕੀਆਂ ਤੇ ਉਹ ਪੁਸ਼ਾਕਾਂ ਵੀ ਪ੍ਰਮੁੱਖ ਹਨ, ਜਿਹੜੀਆਂ ਪੁਲਾੜ ਯਾਤਰਾ 'ਤੇ ਵਿਗਿਆਨੀ ਪਹਿਨਦੇ ਹਨ। 'ਰੋਸਕੋਸ-ਮੋਸ' ਮੁਤਾਬਕ ਇਸ ਸਬੰਧ ਵਿੱਚ ਚਾਰ ਤੋਂ ਛੇ ਸਤੰਬਰ ਵਿਚਾਲੇ ਰੂਸ ਦੇ ਬਲਾਦਿਵੋਸਤੋਕ ਵਿੱਚ ਈਸਟਰਨ ਇਕੋਨਾਮਿਕ ਫੋਰਮ ਦੀ ਬੈਠਕ ਦੌਰਾਨ ਉਚ ਪੱਧਰੀ ਗੱਲਬਾਤ ਹੋ ਸਕਦੀ ਹੈ।

21 ਅਗਸਤ ਨੂੰ ਮਾਸਕੋ ਵਿੱਚ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਅਤੇ ਡਾਇਰੈਕਟਰ ਜਨਰਲ ਡਿਮਿਟ੍ਰੀ ਰੋਗੋਜਿਨ ਵਿਚਾਲੇ ਹੋਏ ਗੱਲਬਾਤ ਪਿੱਛੋਂ 'ਰੋਸਕੋਸਮੋਸ' ਨੇ ਇਕ ਬਿਆਨ ਵਿੱਚ ਕਿਹਾ ਕਿ ਇਸ ਗੱਲਬਾਤ ਵਿੱਚ ਪੁਲਾੜ ਮੁਹਿੰਮ, ਉਪਗ੍ਰਹਿ ਨੇਵੀਗੇਸ਼ਨ ਅਤੇ ਇੰਜਣ ਟੈਕਨਾਲੋਜੀ ਸਮੇਤ ਕਈ ਹੋਰ ਮਹੱਤਵ ਪੂਰਨ ਸਹਿਯੋਗ 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਦੋਵੇਂ ਦੇਸ਼ਾਂ ਦੇ ਉਚ ਅਧਿਕਾਰੀਆਂ ਵਿਚਾਲੇ ਭਾਰਤ ਦੀ ਪੁਲਾੜ ਏਜੰਸੀ ਇਸਰੋ ਅਤੇ ਰੂਸ ਦੀ ਗਲਾਵਕੋਸਮੋਵ ਵਿਚਾਲੇ ਵੱਡੇ ਪੱਧਰ 'ਤੇ ਸਹਿਯੋਗ ਅਤੇ ਚਾਰ ਭਾਰਤੀ ਪੁਲਾੜ ਵਿਗਿਆਨੀਆਂ ਨੂੰ ਯੂਰੀ ਗਾਗਰਿਨ ਪੁਲਾੜ ਸਿਖਲਾਈ ਕੇਂਦਰ ਵਿੱਚ ਟ੍ਰੇਨਿੰਗ ਦੇਣ 'ਤੇ ਚਰਚਾ ਹੋਈ। ਇਸ ਸਬੰਧੀ ਅਗਸਤ ਮਹੀਨੇ ਦੇ ਅੰਤ ਤੱਕ ਇਕ ਸਮਝੌਤੇ 'ਤੇ ਦਸਤਖਤ ਹੋ ਸਕਦੇ ਹਨ। 'ਰੋਸਕੋਸਮੋਸ' ਨੇ ਕਿਹਾ ਕਿ ਭਾਰਤ ਆਪਣੀ ਪਹਿਲੀ ਮਨੁੱਖੀ ਪੁਲਾੜ ਮੁਹਿੰਮ ਗਗਨਯਾਨ ਨੂੰ 2022 ਵਿੱਚ ਲਾਂਚ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਵਿਚਾਲੇ ਇਸਰੋ ਦੇ ਮੁਖੀ ਕੇ ਸਿਵਾਨ ਨੇ ਕੱਲ੍ਹ ਇਕ ਇੰਟਰਵਿਊ ਵਿੱਚ ਕਿਹਾ ਕਿ ਰੂਸ ਨੇ ਭਾਰਤ ਨੂੰ ਪੁਲਾੜ ਟੈਕਨਾਲੋਜੀ ਦੇ ਨਾਲ-ਨਾਲ ਸੈਮੀ ਕ੍ਰਾਇਓਜਨਿਕ ਇੰਜਣ ਟੈਕਨਾਲੋਜੀ ਦੇਣ ਦਾ ਵੀ ਮਤਾ ਦਿੱਤਾ ਹੈ।

ਇਸ ਤੋਂ ਇਲਾਵਾ ਗਗਨਯਾਨ ਲਈ ਹੋਰ ਮਹੱਤਵ ਪੂਰਨ ਜੰਤਰ ਅਤੇ ਸਾਮਾਨ ਵੀ ਦੇਣ ਦਾ ਮਤਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਰੂਸ ਨੇ ਸੈਮੀ ਕ੍ਰਾਇਓਜੀਨਕ ਰਾਕਟ ਇੰਜਣ ਟੈਕਨਾਲੋਜੀ ਨੂੰ ਭਾਰਤ ਨੂੰ 'ਮੇਕ ਇਨ ਇੰਡੀਆ' ਪ੍ਰੋਗਰਾਮ ਹੇਠ ਦੇਣ ਦਾ ਮਤਾ ਦਿੱਤਾ ਹੈ। ਰਾਕਟ ਇੰਜਣ ਨੂੰ ਭਾਰਤ ਵਿੱਚ ਬਣਾਇਆ ਜਾਵੇਗਾ ਅਤੇ ਉਸ ਦੀ ਵਰਤੋਂ ਅਸੀਂ ਆਪਣੇ ਰਾਕਟ ਵਿੱਚ ਕਰਾਂਗੇ। ਸਿਵਾਨ ਨੇ ਕਿਹਾ ਕਿ ਦੋਵੇਂ ਦੇਸ਼ ਆਪੋ-ਆਪਣੇ ਗਰਾਊਂਡ ਸਟੇਸ਼ਨ ਵੀ ਬਣਾਉਣਗੇ। ਰੂਸ 'ਚ ਭਾਰਤ ਦਾ ਗਰਾਊਂਡ ਸਟੇਸ਼ਨ ਮਾਸਕੋ ਵਿੱਚ ਤਾਂ ਰੂਸ ਦਾ ਭਾਰਤ ਵਿੱਚ ਗਰਾਊਂਡ ਸਟੇਸ਼ਨ ਬੈਂਗਲੁਰੂ ਵਿੱਚ ਸਥਾਪਤ ਹੋਵੇਗਾ।

## ਪਾਕਿ ਪਾਰਲੀਮੈਂਟ ਵਿੱਚ ਹਿਨਾ ਰੱਬਾਨੀ ਖਾਰ ਨੇ ਇਮਰਾਨ ਖਾਨ ਨੂੰ ਅਨਾੜੀ ਕਿਹਾ

ਇਸਲਾਮਾਬਾਦ, 26 ਅਗਸਤ (ਪੋਸਟ ਬਿਊਰੋ)- ਜੰਮੂ ਕਸ਼ਮੀਰ ਤੋਂ ਧਾਰਾ 370 ਦੇ ਹਟਣ ਪਿੱਛੋਂ ਪੂਰੀ ਦੁਨੀਆ ਵਿੱਚ ਪਾਕਿਸਤਾਨ ਦੀ ਫਜ਼ੀਹਤ ਕਰਵਾ ਰਹੇ ਇਮਰਾਨ ਖਾਨ ਖੁਦ ਆਪਣੇ ਦੇਸ਼ ਵਿੱਚ ਘਿਰ ਗਏ ਹਨ। ਵਿਰੋਧੀ ਧਿਰ ਦੀ ਨੇਤਾ ਲਗਾਤਾਰ ਇਮਰਾਨ ਖਾਨ ਦੀ ਸਖਤ ਆਲੋਚਨਾ ਕਰ ਰਹੀ ਹੈ। ਇਸ ਮੌਕੇ ਪਾਕਿਸਤਾਨ ਦੀ ਸਾਬਕਾ ਵਿਦੇਸ਼ ਮੰਤਰੀ ਹਿਨਾ ਰੱਬਾਨੀ ਖਾਰ ਦਾ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ ਜਿਸ ਵਿੱਚ ਉਨ੍ਹਾਂ ਨੇ ਇਮਰਾਨ ਖਾਨ 'ਤੇ ਕਰਾਰਾ ਹਮਲਾ ਬੋਲਿਆ ਹੈ। ਉਨ੍ਹਾਂ ਨੇ ਇਮਰਾਨ ਨੂੰ ਅਨਾੜੀ ਤੱਕ ਕਰਾਰ ਦਿੱਤਾ ਹੈ।

ਇਸ ਵਾਇਰਲ ਵੀਡੀਓ ਵਿੱਚ ਹਿਨਾ ਰੱਬਾਨੀ ਖਾਰ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ 'ਤੇ ਪਾਰਲੀਮੈਂਟ ਵਿੱਚ ਹਮਲੇ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਮਰਾਨ ਖਾਨ ਦੇਸ਼ ਨੂੰ ਸ਼ਰਮਿੰਦਾ ਕਰ ਰਹੇ ਹਨ। ਰੱਬਾਨੀ ਨੇ ਕਿਹਾ ਕਿ ਜੇ ਤੁਸੀਂ ਅਨਾੜੀ ਹੋ ਤਾਂ ਤੁਹਾਨੂੰ ਟਰੇਨਿੰਗ ਚਾਹੀਦੀ ਹੈ। ਮਿਹਰਬਾਨੀ ਕਰ ਕੇ ਤੁਸੀਂ ਟਰੇਨਿੰਗ ਲੈ ਕੇ ਆਓ। ਹਿਨਾ ਇਥੇ ਹੀ ਨਹੀਂ ਰੁਕੀ, ਉਨ੍ਹਾਂ ਨੇ ਕਿਹਾ ਕਿ ਜਦ ਇਸ ਦੇਸ਼ ਦਾ ਵੋਟ ਤੁਹਾਨੂੰ ਮਿਲਿਆ ਹੈ ਤਾਂ ਉਸ ਨੂੰ ਸ਼ਰਮਿੰਦਾ ਨਾ ਕਰੋ। ਉਨ੍ਹਾਂ ਨੇ ਇਮਰਾਨ ਤੋਂ ਸਵਾਲ ਵੀ ਪੁੱਛਿਆ ਕਿ ਕੀ ਤੁਸੀਂ ਇਹ ਉਮੀਦ ਨਹੀਂ ਕਰਦੇ ਕਿ ਲੋਕ ਤੁਹਾਡੀ ਇੱਜ਼ਤ ਕਰਨ? ਤੁਹਾਡਾ ਕੀ ਨਾਂਅ ਹੈ? ਕੀ ਤੁਸੀਂ ਇੱਕ ਖੁਦਮੁਖਤਿਆਰ ਮੁਲਕ ਨਹੀਂ ਹੋ?

## ਅੱਗ ਬੁਝਾਉਣ ਲਈ ਬ੍ਰਾਜ਼ੀਲ ਨੇ ਫੌਜ ਵੀ ਜੰਗਲ ਵਿੱਚ ਉਤਾਰੀ

ਰੀਓ ਡੀ ਜਨੇਰੀਓ, 26 ਅਗਸਤ (ਪੋਸਟ ਬਿਊਰੋ)- ਧਰਤੀ ਦੇ ਫੇਫੜੇ ਕਹੇ ਜਾਣ ਐਮਾਜ਼ੋਨ ਦੇ ਵਰਖਾ ਵਣਾਂ 'ਚ ਲੱਗੀ ਭਿਆਨਕ ਅੱਗ 'ਤੇ ਕਾਬੂ ਪਾਉਣ ਲਈ ਬ੍ਰਾਜ਼ੀਲ ਸਰਕਾਰ ਨੇ ਫੌਜ ਤੇ ਸੈਨਿਕ ਜਹਾਜ਼ਾਂ ਦੀ ਤਾਇਨਾਤੀ ਕੀਤੀ ਹੈ। ਇਸ ਬਾਰੇ ਸੰਸਾਰ ਪੱਧਰ 'ਤੇ ਆਲੋਚਨਾ ਅਤੇ ਸਰਕਾਰ ਵਿਰੋਧੀ ਮੁਜ਼ਾਹਰਿਆਂ ਪਿੱਛੋਂ ਬ੍ਰਾਜ਼ੀਲ ਨੇ ਏਦਾਂ ਕੀਤਾ ਹੈ।



ਧਰਤੀ ਦੀ 20 ਫੀਸਦੀ ਆਕਸੀਜਨ ਦੇਣ ਵਾਲੇ ਐਮਾਜ਼ੋਨ ਦੇ ਜੰਗਲਾਂ 'ਚ ਦੋ ਹਫਤੇ ਤੋਂ ਵੱਧ ਸਮੇਂ ਤੋਂ ਅੱਗ ਲੱਗੀ ਹੋਈ ਹੈ। ਇਨ੍ਹਾਂ ਜੰਗਲਾਂ ਦਾ 60 ਫੀਸਦੀ ਹਿੱਸਾ ਬ੍ਰਾਜ਼ੀਲ 'ਚ ਹੈ। ਇਸ ਅੱਗ ਨਾਲ ਬ੍ਰਾਜ਼ੀਲ ਤੋਂ ਇਲਾਵਾ ਬੋਲੀਵੀਆ ਅਤੇ ਪੇਰੂ ਵੀ ਪ੍ਰਭਾਵਤ ਹੋਏ ਹਨ। ਬ੍ਰਾਜ਼ੀਲ ਦੇ ਵਿਦੇਸ਼ ਮੰਤਰੀ ਫਰਨਾਂਡੋ ਅਜੀਵੇਡੋ ਨੇ ਕਿਹਾ, 'ਅੱਗ ਬੁਝਾਉਣ ਲਈ 44 ਹਜ਼ਾਰ ਸੈਨਿਕ ਲਗਾਏ ਗਏ ਹਨ। ਜਿਨ੍ਹਾਂ ਰਾਜਾਂ ਨੇ ਕੇਂਦਰੀ ਮਦਦ ਮੰਗੀ ਸੀ, ਉਥੇ ਸੈਨਿਕ ਰਵਾਨਾ ਕਰ ਦਿੱਤੇ ਹਨ। ਅੱਗ ਬੁਝਾਉਣ ਦਾ ਪਹਿਲਾ ਮਿਸ਼ਨ ਰੋਂਡੋਨੀਆ ਸੂਬੇ ਦੀ ਰਾਜਧਾਨੀ 'ਚ ਹੋਵੇਗਾ। ਦੋ ਸੀ-130 ਹਰਕੁਲਿਸ ਜਹਾਜ਼ ਵੀ ਵਰਤੇ ਜਾਣਗੇ। ਇਹ ਜਹਾਜ਼ ਇਕ ਵਾਰ ਵਿੱਚ 12 ਹਜ਼ਾਰ ਲੀਟਰ ਪਾਣੀ ਸੁੱਟਣ ਦੇ ਸਮਰੱਥ ਹਨ।' ਬੋਲੀਵੀਆ ਦੇ ਹਿੱਸੇ 'ਚ ਆਉਂਦੇ ਜੰਗਲਾਂ 'ਚ ਲੱਗੀ ਅੱਗ ਬੁਝਾਉਣ ਲਈ ਅਮਰੀਕੀ ਜਹਾਜ਼ ਬੀ 747-400 ਸੁਪਰ ਟੈਂਕਰ ਦੀ ਮਦਦ ਲਈ ਜਾ ਰਹੀ ਹੈ। ਐਮਾਜ਼ੋਨ ਦੀ ਅੱਗ ਬਾਰੇ ਯੂ ਐਨ ਤੋਂ ਇਲਾਵਾ ਫਰਾਂਸ ਤੇ ਜਰਮਨੀ ਸਮੇਤ ਕਈ ਦੇਸ਼ ਚਿੰਤਾ ਪ੍ਰਗਟਾ ਚੁੱਕੇ ਹਨ।

## ਪਾਕਿ ਵਿੱਚ ਮੁਹਾਜ਼ਰਾਂ 'ਤੇ ਭਿਆਨਕ ਤਸ਼ੱਦਦ ਦੀਆਂ ਖਬਰਾਂ

ਲੰਡਨ, 26 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਜੰਮੂ ਕਸ਼ਮੀਰ 'ਚ ਜਿਵੇਂ ਮਨੁੱਖੀ ਸ਼ੋਸ਼ਣ ਦਾ ਦਾਅਵਾ ਕਰ ਰਹੀ ਹੈ, ਉਸ ਤੋਂ ਕਿਤੇ ਵੱਧ ਤਸ਼ੱਦ ਕਰਾਚੀ ਤੇ ਸਿੰਧ ਸੂਬੇ ਦੇ ਸ਼ਹਿਰਾਂ 'ਚ ਉਹ ਖੁਦ ਕਰ ਰਹੀ ਹੈ। ਇਹ ਗੱਲ ਮੁੱਤਾਹਿਦਾ ਕੌਮੀ ਮੂਵਮੈਂਟ (ਐਮ ਕਿਊ ਐਮ) ਦੀ ਸੈਂਟਰਲ ਕੋਆਰਡੀਨੇਸ਼ਨ ਕਮੇਟੀ ਨੇ ਕਹੀ ਹੈ।

ਇਕ ਸਮੇਂ ਕਰਾਚੀ ਵਿੱਚ ਵੱਡੇ ਸਿਆਸੀ ਪ੍ਰਭਾਵ ਵਾਲੇ ਐਮ ਕਿਊ ਐਮ ਉਤੇ ਪਾਕਿ ਸਰਕਾਰ ਦਾ ਅਜਿਹਾ ਨਜਲਾ ਡਿੱਗਾ ਕਿ ਸੰਗਠਨ ਦੇ ਵੱਡੇ ਨੇਤਾ ਵੀ ਦੇਸ਼ ਛੱਡ ਕੇ ਬ੍ਰਿਟੇਨ ਅਤੇ ਹੋਰ ਦੇਸ਼ਾਂ 'ਚ ਰਹਿ ਰਹੇ ਹਨ। ਕਮੇਟੀ ਨੇ ਕਿਹਾ, ਪਾਕਿ 'ਚ ਨਿਰਦੋਸ਼ ਮੁਹਾਜਿਰ, ਬਲੋਚ, ਪਸ਼ਤੂਨ, ਸਿੰਧੀ ਅਤੇ ਹੋਰ ਛੋਟੇ ਤਬਕਿਆਂ ਦਾ ਜਿਵੇਂ ਸ਼ੋਸ਼ਣ ਹੋ ਰਿਹਾ ਹੈ, ਉਹ ਦੁਨੀਆ ਲਈ ਕਲਪਨਾ ਤੋਂ ਪਰ੍ਹੇ ਹੈ। ਇਨ੍ਹਾਂ ਤਬਕਿਆਂ ਦੇ ਲੋਕਾਂ ਨੂੰ ਜੋ ਝੱਲਣਾ ਪੈ ਰਿਹਾ ਹੈ, ਉਹ ਸ਼ੋਸ਼ਣ ਦਾ ਸ਼ਿਖਰ ਹੈ। ਕਰਾਚੀ ਤੇ ਹੋਰਨਾਂ ਸ਼ਹਿਰਾਂ 'ਚ ਇਹ ਸਭ ਪਾਕਿਸਤਾਨੀ ਫੌਜ ਤੇ ਨੀਮ ਫੌਜੀ ਬਲਾਂ ਵੱਲੋਂ ਕੀਤਾ ਜਾ ਰਿਹਾ ਹੈ।

ਕੋਆਰਡੀਨੇਸ਼ਨ ਦੇ ਸਬ ਕਨਵੀਨਰ ਕਾਸਿਮ ਅਲੀ ਰਾਜਾ ਅਤੇ ਉਸ ਵਿੱਚ ਸ਼ਾਮਲ ਮੁਸਤਫਾ ਅਜੀਜਬਾਦੀ ਨੇ ਕਿਹਾ ਕਿ ਪਾਕਿਸਤਾਨ ਦੀ ਦੁਸ਼ਟ ਫੌਜ ਨੇ ਹਜ਼ਾਰਾਂ ਭੋਲੇ ਭਾਲੇ ਮੁਹਾਜ਼ਿਰਾਂ ਦਾ ਕਤੇ-ਲਆਮ ਕੀਤਾ ਹੈ। ਸਭ ਲੋਕਾਂ ਨੂੰ ਉਨ੍ਹਾਂ ਦੇ ਘਰ ਤੋਂ ਅਗਵਾ ਕਰ ਲਿਆ ਗਿਆ ਤੇ ਪਤਾ ਨਹੀਂ ਕਿ ਉਹ ਕਿੱਥੇ ਹਨ।


FIRST CHOICE FINANCIAL LIMITED

TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424



MICHELIN · HANKOOK · Continental · ROADLUX · BFGoodrich · AEOLUS · COMPASAL · Chevron · Delo

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

Spring Sale

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

# 82 ਸਾਲਾ ਕਥੂਰੀਆ ਆਸਟਰੇਲੀਆ ਵਿਖੇ ਜਾਣਗੇ ਟ੍ਰਿਪਲ ਜੰਪ ਅਤੇ ਤਿੰਨ ਕਿਲੋਮੀਟਰ ਪੈਦਲ ਕਦਮੀ ਮੁਕਾਬਲੇ ਲਈ

## ਉਮਰਾਂ 'ਚ ਕੀ ਰੱਖਿਆ.....



ਔਕਲੈਂਡ, 26 ਅਗਸਤ (ਹਰਜਿੰਦਰ ਸਿੰਘ ਬਸਿਆਲਾ): ਭਾਰਤ ਦੀਆਂ ਖਾਦੀਆਂ ਖੁਰਾਕਾਂ ਨਿਊਜ਼ੀਲੈਂਡ ਵਰਗੇ ਮੁਲਕਾਂ ਵਿਚ ਮਿਲਦੇ ਮੌਕੇ ਜਦੋਂ ਉਮਰਾਂ ਨੂੰ ਪਰ੍ਹਾਂ ਕਰਕੇ ਅੰਗੜਾਈ ਲੈ ਲੈਣ ਤਾਂ ਸਾਡੇ ਬਾਬੇ 82 ਸਾਲਾਂ ਦੇ ਉਮਰੀ ਅੱਖਰਾਂ ਨੂੰ ਘੁੰਮਾ ਕੇ 28 ਸਾਲਾਂ ਦੇ ਕਰ ਵਿਖਾਉਂਦੇ ਨੇ। ਗੱਲ ਹੈ ਬਸ ਜ਼ਜਬਾ ਰੱਖਣ ਦੀ ਫਿਰ ਉਮਰਾਂ ਵਿਚ ਕੀ ਰੱਖਿਆ। ਗੱਲ ਕਰਾਂਗੇ 82 ਸਾਲਾ ਸ. ਜਗਜੀਤ ਸਿੰਘ ਕਥੂਰੀਆ ਦੀ। ਬਾਪੂ ਜੀ ਨੇ ਜਿੱਥੇ 30ਵੀਂਆਂ ਨਿਊਜ਼ੀਲੈਂਡ ਮਾਸਟਰ ਗੇਮਾਂ ਦੇ ਵਿਚ ਸੋਨੇ ਅਤੇ ਚਾਂਦੀ ਦਾ ਤਮਗਾ ਜਿੱਤ ਕੇ ਨਿਊਜ਼ੀਲੈਂਡ ਵਸਦੇ ਭਾਰਤੀਆਂ ਦਾ ਮਾਣ ਵਧਾਇਆ ਸੀ ਉਥੇ ਬਾਪੂ ਜੀ ਨੇ ਆਪਣੀ ਮਿਹਨਤ ਅਤੇ ਸ਼ੌਕ ਨੂੰ ਬਰਕਰਾਰ ਰੱਖਦਿਆਂ ਹੁਣ ਆਪਣੀ ਉਡਾਰੀ ਨੂੰ ਅੰਤਰਰਾਸ਼ਟਰੀ ਪੱਧਰ ਦੀ ਕਰ ਲਈ ਹੈ। ਉਨ੍ਹਾਂ ਦੀ ਚੋਣ ਮਕੈ (ਆਸਟਰੇਲੀਆ) ਵਿਖੇ 31 ਅਗਸਤ ਤੋਂ ਸ਼ੁਰੂ ਹੋ ਰਹੀ 'ਓਸ਼ੀਆਨਾ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ 2019' ਦੇ ਲਈ ਹੋਈ ਹੈ। ਉਹ 30 ਅਗਸਤ ਨੂੰ ਆਪਣੇ ਬਲਬੂਤੇ ਉਤੇ ਭਾਗ ਲੈਣ ਜਾ ਰਹੇ ਹਨ। ਉਹ ਟ੍ਰਿਪਲ ਜੰਪ ਅਤੇ ਤਿੰਨ ਕਿਲੋਮੀਟਰ ਦੇ ਪੈਦਲ ਕਦਮੀ ਮੁਕਾਬਲੇ ਦੇ ਵਿਚ ਭਾਗ ਲੈਣਗੇ। ਉਹ ਆਪਣਾ ਸਾਰਾ ਖਰਚਾ ਖੁਦ ਹੀ ਕਰ ਰਹੇ ਹਨ ਅਤੇ ਹੋਟਲ ਆਦਿ ਦਾ ਵੀ ਖੁਦ ਹੀ ਪ੍ਰਬੰਧ ਕਰ ਰਹੇ। ਮੇਰੇ ਪੁੱਛਣ ਉਤੇ ਕਿ ਇਥੇ ਬਹੁਤ ਸਾਰੇ ਖੇਡ ਕਲੱਬ ਹਨ ਜੋ ਖਿਡਾਰੀਆਂ ਦੀ ਮਦਦ ਕਰਦੇ ਹਨ, ਉਹ ਤੁਹਾਡੀ ਮਦਦ ਵਾਸਤੇ ਆ ਸਕਦੇ ਹਨ ਤਾਂ ਉਨ੍ਹਾਂ ਕਿਹਾ ਕਿ ਮੈਂ ਕਦੀ ਕਿਸੀ ਨੂੰ ਕਿਹਾ ਨਹੀਂ। ਪੈਨਸ਼ਨ ਦੇ ਵਿਚੋਂ ਆਪਣਾ ਖਰਚਾ ਕਰਾਂਗਾ ਜੇਕਰ ਕਿਸੀ ਖੇਡ ਕਲੱਬ ਨੂੰ ਮੈਨੂੰ ਸਪਾਂਸਰ ਕਰਕੇ ਖੁਸ਼ੀ ਮਿਲਦੀ ਹੋਵੇ ਤਾਂ ਉਹ ਮੇਰੇ ਲਈ ਹੌਂਸਲਾ ਅਫਜ਼ਾਈ ਅਤੇ ਸ਼ਾਬਾਸ਼ੀ ਹੋਵੇਗੀ। ਉਨ੍ਹਾਂ ਦਾ ਖੇਡ ਜ਼ਜਬਾ ਅਤੇ ਸਿੱਖੀ ਸਰੂਪ ਸਾਰੀ ਕਮਿਊਨਿਟੀ ਦੇ ਲਈ ਮਾਣ ਵਾਲੀ ਗੱਲ ਹੈ ਜੋ ਕਿ ਨਿਊਜ਼ੀਲੈਂਡ ਤੋਂ ਆਸਟਰੇਲੀਆ ਜਾ ਕੇ ਸਾਡਾ ਮਾਣ ਵਧਾਉਣਗੇ। ਉਨ੍ਹਾਂ ਦੀ ਟਰੈਵਲ ਇੰਸ਼ੋਰੈਂਸ 'ਪੰਜਾਬੀ ਹੈਰਲਡ' ਵੱਲੋਂ ਸਪਾਂਸਰ ਕੀਤੀ ਜਾਵੇਗੀ। ਉਨ੍ਹਾਂ ਜਦੋਂ ਮਾਸਟਰੇ ਗੇਮਾਂ ਦੇ ਵਿਚ ਭਾਗ ਲਿਆ ਸੀ ਤਾਂ ਉਹ 'ਟ੍ਰਿਪਲ ਜੰਪ' ਦੇ ਵਿਚ 4.55 ਮੀਟਰ ਲੰਬਾ ਜੰਪ ਲਗਾ ਕੇ ਸੋਨੇ ਦਾ ਤਮਗਾ ਜਿੱਤ ਗਏ ਸਨ, ਤਿੰਨ ਕਿਲੋਮੀਟਰ ਪੈਦਲ ਚੱਲਣ ਦਾ ਸਫਰ ਉਨ੍ਹਾਂ 25.13 ਮਿੰਟ ਦੇ ਵਿਚ ਮੁਕਾ ਕੇ ਚਾਂਦੀ ਦਾ ਤਮਗਾ ਜਿਤਿਆ ਸੀ ਅਤੇ 60 ਮੀਟਰ ਦੌੜ ਦੇ ਵਿਚ ਉਹ ਚੌਥੇ ਨੰਬਰ ਉਤੇ ਆਏ ਸਨ। ਪਾਕਿਸਤਾਨੀ ਪੰਜਾਬ ਦੇ ਵਿਚ ਪੈਦਾ ਹੋਏ ਸ. ਜਗਜੀਤ ਸਿੰਘ ਕਥੂਰੀਆ ਹਰਿਆਣਾ ਤੋਂ ਸਿਖਿਆ ਵਿਭਾਗ ਤੋਂ ਹੈਡਮਾਸਟਰ ਰਿਟਾਇਰਡ ਹੋਏ ਅਤੇ ਫਿਰ ਪ੍ਰਾਈਵੇਟ ਸਕੂਲ ਦੇ ਵਿਚ ਪ੍ਰਿੰਸੀਪਲ ਰਹੇ ਹਨ। ਨਵੀਂ ਦਿੱਲੀ ਅਤੇ ਕਰਨਾਲ ਵਿਖੇ ਇਨ੍ਹਾਂ ਨੇ ਆਪਣਾ ਘਰ ਬਣਾਇਆ ਹੋਇਆ ਹੈ ਪਰ ਹੁਣ 2008 ਤੋਂ ਨਿਊਜ਼ੀਲੈਂਡ ਵਿਖੇ ਆਪਣੀ ਬੇਟੀ ਸ੍ਰੀਮਤੀ ਹਰਪ੍ਰੀਤ ਕੌਰ ਦੇ ਕੋਲ ਪਾਪਾਟੋਏਟੋਏ ਸ਼ਹਿਰ ਵਿਖੇ ਰਹਿ ਰਹੇ ਹਨ।

# ਮਾਝਾ ਸਪੋਰਟਸ ਐਂਡ ਕਲਚਰਲ ਕਲੱਬ ਹੋਇਆ ਮੁੜ ਸਰਗਰਮ ਨਵੇਂ ਢਾਂਚੇ ਨੇ ਕੀਤੀ ਪਹਿਲੀ ਮੀਟਿੰਗ



ਔਕਲੈਂਡ, 26 ਅਗਸਤ (ਹਰਜਿੰਦਰ ਸਿੰਘ ਬਸਿਆਲਾ)-ਕਈ ਸਾਲ ਪਹਿਲਾਂ ਮਾਝਾ ਸਪੋਰਟਸ ਐਂਡ ਕਲਚਰਲ ਕਲੱਬ ਬਹੁਤ ਸਰਗਰਮ ਹੋਇਆ ਸੀ ਅਤੇ ਫਿਰ ਕੁਝ ਸਾਲ ਸਮਾਜਿਕ ਕਾਰਜਾਂ ਨੂੰ ਕਰਨ ਬਾਅਦ ਧੀਮੀ ਚਾਲ ਹੋ ਗਿਆ ਸੀ। ਹੁਣ ਦੁਬਾਰਾ ਇਹ ਕਲੱਬ ਸਰਗਰਮ ਹੋਇਆ ਹੈ ਅਤੇ ਇਸਦੇ ਨਾਲ ਹੀ ਲਗਪਗ ਸਾਰਾ ਢਾਂਚਾ ਮੁੜ ਤੋਂ ਸੈਟ ਕੀਤਾ ਗਿਆ ਹੈ। ਅੱਜ ਕਲੱਬ ਦੀ ਪਹਿਲੀ ਮੀਟਿੰਗ ਹੋਈ ਜਿਸ ਦੇ ਵਿਚ ਵੱਖ-ਵੱਖ ਜਿੰਮੇਵਾਰੀਆਂ ਨੂੰ ਆਪਸੀ ਸਹਿਮਤੀ ਨਾਲ ਵੰਡਿਆ ਗਿਆ। ਜਿਸ ਅਨੁਸਾਰ ਪ੍ਰਧਾਨ ਜਰਨੈਲ ਸਿੰਘ ਸਮਰਾ, ਉੱਪ ਪ੍ਰਧਾਨ ਰਜਿੰਦਰਪਾਲ ਸਿੰਘ, ਸਕੱਤਰ ਰਵਿੰਦਰਪਾਲ ਸਿੰਘ, ਖਜਾਨਚੀ ਸੁਖਚੈਨ ਸਿੰਘ ਸੰਧੂ, ਪ੍ਰੈਸ ਸਕੱਤਰ ਜੁਗਰਾਜ ਸਿੰਘ ਮਾਨ ਅਤੇ ਸਪੋਰਟਸ ਸਕੱਤਰ ਹਰਜੀਤ ਸਿੰਘ ਹਨ ਨੂੰ ਚੁਣਿਆ ਗਿਆ।

ਇਸ ਮੌਕੇ ਪ੍ਰਧਾਨ ਜਰਨੈਲ ਸਿੰਘ ਸਮਰਾ ਨੇ ਦੱਸਿਆ ਕਿ ਇਸ ਕਲਚਰਲ ਕਲੱਬ ਨੂੰ ਬਨਾਉਣ ਦਾ ਮਕਸਦ ਭਾਈਚਾਰੇ ਨਾਲ ਸਾਂਝ ਵਧਾਉਣਾ ਹੈ, ਕਿਸੇ ਵੀ ਤਰ੍ਹਾਂ ਦੀ ਸਮਾਜਿਕ ਸਹਾਇਤਾ ਦੇ ਲਈ ਕਲੱਬ ਹਮੇਸ਼ਾ ਤਿਆਰ ਬਰ ਤਿਆਰ ਰਹੇਗਾ। ਕਲੱਬ ਦੇ ਪ੍ਰੈਸ ਸਕੱਤਰ ਜੁਗਰਾਜ ਸਿੰਘ ਮਾਨ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਸੁਪਰੀਮ ਸਿੰਘ ਸੁਸਾਇਟੀ ਵਲੋਂ ਕਰਵਾਏ ਜਾਣ ਵਾਲੇ ਸਿੱਖ ਚਿਲਡਰਨ ਡੇਅ ਵਿੱਚ ਮਾਝਾ ਸਪੋਰਟਸ ਐਂਡ ਕਲਚਰਲ ਕਲੱਬ ਵੀ ਵੱਧ ਚੜ ਕੇ ਹਿੱਸਾ ਲਏਗਾ ਅਤੇ ਕਿਸੇ ਇਕ ਸ਼੍ਰੇਣੀ ਦੇ ਵਿਚ ਅੱਵਲ ਆਉਣ ਵਾਲੇ ਬੱਚਿਆਂ ਦੇ ਵਿਚੋਂ ਜੋ ਵੀ ਇਨਾਮ ਦੇਣਾ ਉਪਲਬਧ ਹੋਵੇਗਾ ਦਿੱਤਾ ਜਾਵੇਗਾ। ਆਉਣ ਵਾਲੇ ਸਮੇਂ ਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਨੂੰ ਸਮਰਪਿਤ ਵਿਸ਼ੇਸ਼ ਖੂਨਦਾਨ ਕੈਂਪ ਵੀ ਕਲੱਬ ਵਲੋਂ ਲਗਾਇਆ ਜਾਵੇਗਾ। ਕਲੱਬ ਨੂੰ ਬਨਾਉਣ ਦਾ ਮਕਸਦ ਮਾਝੇ ਨਾਲ ਲੱਗਦੇ ਭਾਈਚਾਰੇ ਨੂੰ ਇਕੱਠੇ ਕਰਨਾ ਅਤੇ ਇੱਕ ਮੰਚ 'ਤੇ ਲਿਆਉਣਾ ਹੈ।







## ਲੜਕੀ ਦੀ ਲੋੜ

Parmjit Singh, Born August 1951. MA Bed, Retired from Education Dept. Pension from Punjab Government and Canada. Canadian Citizen Agriculture land and beautiful home in Punjab. Very gentle noble retired teacher wife passed away Wants a noble and gentle lady near 50 years to make the remaining life happy and peaceful;
Call Harjit Bedi 647-963-0331

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੇਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ। 416-358-9294 । 204-510-1423

